Samaj Weekly

# ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 4 : # ਅੰਕ 331 | 26/05/2026 | www.samajweekly.com | samajweekly | @samajweekly | samajweekly

# ਪੰਜਾਬ ਦੇ 36.72 ਲੱਖ ਵੋਟਰ ਅੱਜ ਪਾਉਣਗੇ ਵੋਟ

## ਪੋਲਿੰਗ ਬੂਥਾਂ ਦੇ ਅੰਦਰ–ਬਾਹਰ ਲੱਗਣਗੇ ਸੀ ਸੀ ਟੀ ਵੀ ਕੈਮਰੇ

**ਚੰਡੀਗੜ੍ਹ,** । ਪੰਜਾਬ ਰਾਜ ਚੋਣ ਕਮਿਸ਼ਨ ਵਲੋਂ ਪੰਜਾਬ ਵਿੱਚ ਭਲਕੇ ਵੱਖ-ਵੱਖ ਸਥਾਨਕ ਸੰਸਥਾਵਾਂ ਲਈ ਹੋਣ ਵਾਲੀ ਵੋਟਿੰਗ ਦੀ ਤਿਆਰੀ ਪੂਰੀ ਕਰ ਲਈ ਗਈ ਹੈ। ਪੰਜਾਬ ਰਾਜ ਚੋਣ ਕਮਿਸ਼ਨ ਅਨੁਸਾਰ 26 ਮਈ ਨੂੰ 8 ਨਗਰ ਨਿਗਮ, 75 ਨਗਰ ਕੌਂਸਲ ਅਤੇ 20 ਨਗਰ ਪੰਚਾਇਤਾਂ ਦੀਆਂ ਕੁੱਲ 103 ਸੀਟਾਂ ਲਈ ਵੋਟਿੰਗ ਹੋਣ ਜਾ ਰਹੀ ਹੈ ਜਿਸ ਦੌਰਾਨ 35,45,567 ਵੋਟਰ ਇਸ ਵੋਟਿੰਗ ਵਿੱਚ ਹਿੱਸਾ ਲੈਣਗੇ। ਵੋਟਿੰਗ ਵਿੱਚ 18,33,000 ਤੋਂ ਵੱਧ ਪੁਰਸ਼, 17 ਲੱਖ 11 ਹਜ਼ਾਰ ਤੋਂ ਵੱਧ ਮਹਿਲਾਵਾਂ ਅਤੇ 220 ਹੋਰ ਕੈਟੇਗਰੀ ਦੇ ਵੋਟਰ ਆਪਣੀ ਵੋਟ ਪਾ ਸਕਣਗੇ। ਚੋਣ ਕਮਿਸ਼ਨਰ ਰਾਜਕਮਲ ਚੌਧਰੀ ਨੇ ਦੱਸਿਆ ਕਿ ਵੋਟਿੰਗ ਨੂੰ ਲੈ ਕੇ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਹਨਾਂ ਦੱਸਿਆ ਕਿ ਇਸ ਵਾਰ ਚੋਣਾਂ ਵਿੱਚ ਕੁੱਲ 7555 ਉਮੀਦਵਾਰ ਮੈਦਾਨ ਵਿੱਚ ਉਮੀਦਵਾਰ ਵਜੋਂ ਖੜ੍ਹੇ ਹਨ, ਜਿਨ੍ਹਾਂ ਵਿੱਚੋਂ 1613 ਨਗਰ ਨਿਗਮ, 5142 ਨਗਰ ਕੌਂਸਲ ਅਤੇ ਨਗਰ ਪੰਚਾਇਤਾਂ ਲਈ 800 ਉਮੀਦਵਾਰ ਚੋਣ ਮੈਦਾਨ ਵਿੱਚ ਹੋਣਗੇ। ਉਹਨਾਂ ਦੱਸਿਆ ਕਿ 740 ਪੋਲਿੰਗ ਬੂਥਾਂ ਨੂੰ ਸੰਵੇਦਨਸ਼ੀਲ ਅਤੇ 274 ਨੂੰ ਅਤਿ-ਸੰਵੇਦਨਸ਼ੀਲ ਐਲਾਨਿਆ ਗਿਆ ਹੈ। ਇਸ ਵਾਰ ਚੋਣ ਡਿਊਟੀ ਤੇ 35,000 ਮੁਲਾਜ਼ਮਾਂ ਨੂੰ ਤਾਇਨਾਤ ਕੀਤਾ ਗਿਆ ਹੈ, ਨਾਲ ਹੀ ਸੁਰੱਖਿਆ ਵਿਵਸਥਾ ਲਈ ਪੰਜਾਬ ਪੁਲੀਸ ਦੇ 32,000 ਜਵਾਨ ਤਾਇਨਾਤ ਕੀਤੇ ਗਏ ਹਨ। ਚੋਣਾਂ ਦੀ



ਸੁਰੱਖਿਆ ਵਿਵਸਥਾ ਨੂੰ ਲੈ ਕੇ ਉੱਚ ਅਧਿਕਾਰੀਆਂ ਨਾਲ ਚੋਣ ਕਮਿਸ਼ਨ ਦੀ ਬੈਠਕ ਲਗਾਤਾਰ ਜਾਰੀ ਹੈ। ਚੋਣਾ ਵਾਸਤੇ ਵੋਟਿੰਗ ਸਵੇਰੇ 8:00 ਵਜੇ ਤੋਂ ਸ਼ਾਮ 5:00 ਵਜੇ ਤੱਕ ਹੋਵੇਗੀ। ਚੋਣ ਕਮਿਸ਼ਨਰ ਅਨੁਸਾਰ ਗਰਮੀ ਨੂੰ ਦੇਖਦੇ ਹੋਏ ਵੋਟਰਾਂ ਲਈ ਪੀਣ ਵਾਲੇ ਪਾਣੀ ਦੇ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸ਼ਾਮ 5:00 ਵਜੇ ਤੱਕ ਵੋਟਿੰਗ ਕੇਂਦਰ ਤੇ ਪਹੁੰਚਣ ਵਾਲਿਆਂ ਨੂੰ ਵੋਟ ਪਾਉਣ ਦਾ ਮੌਕਾ ਦਿੱਤਾ ਜਾਵੇਗਾ।

ਪੰਜਾਬ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਸਭ ਤੋਂ ਵੱਧ ਉਮੀਦਵਾਰ ਆਮ ਆਦਮੀ ਪਾਰਟੀ ਨੇ ਉਤਾਰੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ 1801 ਉਮੀਦਵਾਰ ਆਮ ਆਦਮੀ ਪਾਰਟੀ ਦੇ ਹਨ, ਇਸ ਤੋਂ ਇਲਾਵਾ 1316 ਉਮੀਦਵਾਰ ਭਾਰਤੀ ਜਨਤਾ ਪਾਰਟੀ, 1550 ਉਮੀਦਵਾਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਅਤੇ 1251 ਉਮੀਦਵਾਰ ਸ਼੍ਰੋਮਣੀ ਅਕਾਲੀ ਦਲ ਦੇ ਕੈਂਡੀਡੇਟ ਹਨ। ਇਸ ਦੇ ਨਾਲ ਹੀ ਬਹੁਜਨ ਸਮਾਜ ਪਾਰਟੀ ਨੇ ਇਸ ਵਾਰ 96 ਉਮੀਦਵਾਰ ਉਤਾਰੇ ਹਨ ਅਤੇ ਆਜ਼ਾਦ ਉਮੀਦਵਾਰ ਵਜੋਂ 1528 ਉਮੀਦਵਾਰ ਚੋਣ ਮੈਦਾਨ ਵਿੱਚ ਕਿਸਮਤ ਅਜ਼ਮਾਉਣਗੇ। 13 ਉਮੀਦਵਾਰ ਹੋਰ ਪਾਰਟੀਆਂ ਵੱਲੋਂ ਵੀ ਚੋਣ ਮੈਦਾਨ ਵਿੱਚ ਹਨ। ਵੋਟਿੰਗ ਦੌਰਾਨ ਪੋਲਿੰਗ ਸਟੇਸ਼ਨ ਦੇ ਅੰਦਰ ਅਤੇ ਬਾਹਰ ਵੀਡੀਓਗ੍ਰਾਫੀ ਕੀਤੀ ਜਾਵੇਗੀ, ਚੋਣਾਂ ਲਈ 23 ਆਈ. ਏ. ਐਸ. ਅਤੇ ਪੀ. ਸੀ. ਐਸ. ਅਧਿਕਾਰੀਆਂ ਨੂੰ ਆਬਜ਼ਰਵਰ ਨਿਯੁਕਤ ਕੀਤਾ ਗਿਆ ਹੈ, ਚੋਣਾਂ ਵਿੱਚ ਵਿਸ਼ੇਸ਼ ਤੌਰ ਤੇ 6 ਆਈ. ਪੀ. ਐਸ. ਅਫ਼ਸਰਾਂ ਨੂੰ ਡਿਊਟੀ ਤੇ ਲਗਾਇਆ ਗਿਆ ਹੈ। ਆਈ.ਪੀ.ਐਸ. ਅਧਿਕਾਰੀ ਪ੍ਰਵੀਨ ਸਿਨਹਾ ਨੂੰ ਨੋਡਲ ਅਫ਼ਸਰ ਬਣਾਇਆ ਗਿਆ ਹੈ।

# ਅਹਿਮਦਾਬਾਦ ਵਿੱਚ RBI ਦੇ ਖਜ਼ਾਨੇ 'ਚੋਂ 8.7 ਕਰੋੜ ਰੁਪਏ ਚੋਰੀ, ਬੈਂਕ ਮੁਲਾਜ਼ਮ ਗ੍ਰਿਫ਼ਤਾਰ

## ਚੋਰੀ ਦਾ ਕਰੀਬ 4 ਮਹੀਨਿਆਂ ਬਾਅਦ ਹੋਇਆ ਖੁਲਾਸਾ

**ਅਹਿਮਦਾਬਾਦ:** ਮੁਲਜ਼ਮ ਹਰਸ਼ਿਦ ਕਡੀਆਰ ਬੈਂਕ ਆਫ਼ ਬੜੌਦਾ ਦੀ ਗਾਂਧੀ ਰੋਡ ਸ਼ਾਖਾ ਵਿੱਚ ਜੂਨੀਅਰ ਜੁਆਇੰਟ ਕਸਟੋਡੀਅਨ ਸੀ। 13 ਜਨਵਰੀ ਨੂੰ ਮੁਲਜ਼ਮ ਨੇ ਦੋ ਕੰਟਰੈਕਟ ਮਜ਼ਦੂਰਾਂ ਨਾਲ ਮਿਲ ਕੇ ਲੋਹੇ ਦੇ ਬਕਸਿਆਂ ਵਿੱਚ ਨਕਦੀ ਭਰ ਕੇ ਬੈਂਕ ਵਿੱਚੋਂ ਬਾਹਰ ਕੱਢੀ ਸੀ। ਗੁਜਰਾਤ ਦੇ ਅਹਿਮਦਾਬਾਦ ਵਿੱਚ ਰਿਜ਼ਰਵ ਬੈਂਕ ਆਫ਼ ਇੰਡੀਆ ਦੇ ਕਰੰਸੀ ਚੈਸਟ (ਖਜ਼ਾਨੇ) ਵਿੱਚੋਂ 8.70 ਕਰੋੜ ਰੁਪਏ ਦੀ ਚੋਰੀ ਦਾ ਕਰੀਬ 4 ਮਹੀਨਿਆਂ ਬਾਅਦ ਖੁਲਾਸਾ ਹੋਇਆ ਹੈ। ਪੁਲਿਸ ਨੇ ਚੋਰੀ ਕਰਨ ਅਤੇ ਉਸ ਪੈਸੇ ਨੂੰ ਪ੍ਰਾਪਰਟੀ ਤੇ ਕ੍ਰਿਪਟੋਕਰੰਸੀ ਵਿੱਚ ਲਗਾਉਣ ਦੇ ਦੋਸ਼ ਹੇਠ ਬੈਂਕ ਆਫ਼ ਬੜੌਦਾ ਦੇ ਇੱਕ ਮੁਲਾਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਮੁਤਾ-ਬਕ, ਮੁਲਜ਼ਮ ਹਰਸ਼ਿਦ ਕਡੀਆਰ ਬੈਂਕ ਆਫ਼ ਬੜੌਦਾ ਦੀ ਗਾਂਧੀ ਰੋਡ ਸ਼ਾਖਾ ਵਿੱਚ ਜੂਨੀਅਰ ਜੁਆਇੰਟ ਕਸਟੋਡੀਅਨ ਵਜੋਂ ਤਾਇਨਾਤ ਸੀ। ਇਸੇ ਸ਼ਾਖਾ ਵਿੱਚ ਆਰ.ਬੀ.ਆਈ. ਦਾ ਕਰੰਸੀ ਚੈਸਟ ਵੀ ਮੌਜੂਦ ਹੈ। 13 ਜਨਵਰੀ ਨੂੰ ਮੁਲਜ਼ਮ ਨੇ ਦੋ



ਕੰਟਰੈਕਟ ਮਜ਼ਦੂਰਾਂ ਨਾਲ ਮਿਲ ਕੇ ਲੋਹੇ ਦੇ ਬਕਸਿਆਂ ਵਿੱਚ ਨਕਦੀ ਭਰੀ ਅਤੇ ਉਸ ਨੂੰ ਬੈਂਕ ਤੋਂ ਬਾਹਰ ਕੱਢ ਲਿਆ।

ਪੁਲਿਸ ਨੇ ਮੁਲਜ਼ਮ ਦੀ ਕਾਰ ਦੀ ਡਿੱਗੀ ਵਿੱਚੋਂ 2.2 ਕਰੋੜ ਰੁਪਏ ਨਕਦ ਬਰਾਮਦ ਕੀਤੇ ਹਨ। ਪੁੱਛਗਿੱਛ ਦੌਰਾਨ ਮੁਲਜ਼ਮ ਨੇ ਕਬੂਲ ਕੀਤਾ ਕਿ ਉਸ ਨੇ ਚੋਰੀ ਦੇ ਪੈਸਿਆਂ ਨਾਲ ਚਾਂਦਖੇੜਾ ਵਿੱਚ ਇੱਕ ਬੰਗਲਾ, ਇੱਕ ਕਮਰਸ਼ੀਅਲ ਗੱਡੀ ਅਤੇ ਅਹਿਮਦਾਬਾਦ ਵਿੱਚ ਦੁਕਾਨ ਖਰੀਦੀ ਸੀ। ਉਸ ਨੇ ਆਪਣੀ ਇੱਕ ਮਹਿਲਾ ਸਹਿ-ਕਰਮੀ ਨੂੰ ਮਕਾਨ ਖਰੀਦਣ ਲਈ 23 ਲੱਖ ਰੁਪਏ (ਆਨਲਾਈਨ/ਚੈੱਕ ਰਾਹੀਂ) ਅਤੇ 5 ਲੱਖ ਰੁਪਏ ਨਕਦ ਵੀ ਦਿੱਤੇ ਸਨ। ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਮੁਲਜ਼ਮ ਨੇ ਚੋਰੀ ਦੇ ਪੈਸੇ ਦਾ ਇੱਕ ਹਿੱਸਾ ਕ੍ਰਿਪਟੋਕਰੰਸੀ ਮਾਰਕੀਟ ਵਿੱਚ ਨਿਵੇਸ਼ ਕੀਤਾ ਹੋਇਆ ਸੀ।

# ਪੰਜਾਬ ਤੇ ਚੰਡੀਗੜ੍ਹ ਵਿਚ ਝੁਲਸਾ ਦੇਣ ਵਾਲੀ ਗਰਮੀ, 44 ਤੋਂ ਪਾਰ ਪਹੁੰਚਿਆ ਤਾਪਮਾਨ

ਚੰਡੀਗੜ੍ਹ। ਮੌਸਮ ਵਿਗਿਆਨ ਕੇਂਦਰ ਨੇ ਤਿੰਨ ਦਿਨਾਂ ਲਈ ਲੂ ਦੀ ਚੇਤਾਵਨੀ ਜਾਰੀ ਕੀਤੀ ਹੈ। ਕਈ ਜ਼ਿਲ੍ਹਿਆਂ ਵਿਚ ਗਰਮੀ ਦੀ ਸਥਿਤੀ ਬਹੁਤ ਗੰਭੀਰ ਹੋਣ ਦੀ ਉਮੀਦ ਹੈ। ਵਧਦੇ ਤਾਪਮਾਨ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੇ ਅੱਜ ਤੋਂ ਸਰਕਾਰੀ ਦਫਤਰਾਂ ਅਤੇ ਸਕੂਲਾਂ ਦੇ ਸਮੇਂ ਵਿੱਚ ਬਦਲਾਅ ਕੀਤਾ ਹੈ। ਚੰਡੀਗੜ੍ਹ ਵਿੱਚ, 30 ਜੂਨ ਤੱਕ ਸਕੂਲਾਂ ਵਿਚ ਛੁੱਟੀਆਂ ਕਰ ਦਿੱਤੀਆਂ ਗਈਆਂ ਹਨ। ਗਰਮੀ ਦੇ ਮੱਦੇਨਜ਼ਰ, ਸਕੂਲ ਸਮਰ ਕੈਂਪਾਂ ਵਿਚ ਬਾਹਰੀ ਗਤੀਵਿਧੀਆਂ ਨੂੰ ਵੀ ਮੁਅੱਤਲ ਕਰ ਦਿੱਤਾ ਗਿਆ ਹੈ। ਪਿਛਲੇ 24 ਘੰਟਿਆਂ ਵਿਚ ਤਾਪਮਾਨ 0.3 ਡਿਗਰੀ ਸੈਲਸੀਅਸ ਵਧਿਆ ਹੈ। ਬਠਿੰਡਾ ਐਤਵਾਰ ਨੂੰ ਸਭ ਤੋਂ ਗਰਮ ਜ਼ਿਲ੍ਹਾ ਰਿਹਾ, ਜਿੱਥੇ ਵੱਧ ਤੋਂ ਵੱਧ ਤਾਪਮਾਨ 44.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਅੱਜ




ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਹੁਸ਼ਿਆਰਪੁਰ, ਨਵਾਂਸ਼ਹਿਰ, ਕਪੂਰਥਲਾ, ਜਲੰਧਰ, ਫਿਰੋਜ਼ਪੁਰ, ਲੁਧਿਆਣਾ, ਬਰਨਾਲਾ, ਸੰਗਰੂਰ, ਫਤਿਹਗੜ੍ਹ ਸਾਹਿਬ, ਰੂਪਨਗਰ, ਪਟਿਆਲਾ ਅਤੇ ਮੋਹਾਲੀ 'ਚ ਲੂ ਚੱਲਣ ਦੀ ਸੰਭਾਵਨਾ ਹੈ। ਫਾਜ਼ਿਲਕਾ, ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ, ਮੋਗਾ, ਬਠਿੰਡਾ ਅਤੇ ਮਾਨਸਾ ਲਈ ਗੰਭੀਰ ਹੀਟਵੇਵ ਅਲਰਟ ਜਾਰੀ ਕੀਤਾ ਗਿਆ ਹੈ। ਮੌਸਮ ਵਿਗਿਆਨ ਕੇਂਦਰ, ਚੰਡੀਗੜ੍ਹ ਨੇ 25 ਤੋਂ 27 ਮਈ ਤੱਕ ਸੂਬੇ ਦੇ ਜ਼ਿਆਦਾਤਰ ਜ਼ਿਲ੍ਹਿਆਂ ਵਿਚ ਹੀਟਵੇਵ ਅਤੇ ਕਈ ਇਲਾਕਿਆਂ ਵਿਚ ਗੰਭੀਰ ਹੀਟਵੇਵ ਦੀ ਚੇਤਾਵਨੀ ਜਾਰੀ ਕੀਤੀ ਹੈ। ਪੰਜਾਬ ਸਰਕਾਰ ਨੇ ਸੂਬੇ ਦੇ ਸਾਰੇ ਸਰਕਾਰੀ ਦਫ਼ਤਰਾਂ ਅਤੇ ਸੰਸਥਾਵਾਂ ਦੇ ਸਮੇਂ ਵਿੱਚ ਬਦਲਾਅ ਕੀਤਾ ਹੈ, ਜੋ ਅੱਜ ਤੋਂ ਲਾਗੂ ਹੋ ਗਿਆ ਹੈ। ਪੰਜਾਬ ਅਤੇ ਚੰਡੀਗੜ੍ਹ ਵਿੱਚ ਸਰਕਾਰੀ ਦਫ਼ਤਰ ਹੁਣ ਅਗਲੇ ਹੁਕਮਾਂ ਤੱਕ ਸਵੇਰੇ 7:30 ਵਜੇ ਤੋਂ ਦੁਪਹਿਰ 1:30 ਵਜੇ ਤੱਕ ਖੁੱਲ੍ਹਣਗੇ। ਸਰਕਾਰ ਨੇ ਸਾਰੇ ਵਿਭਾਗਾਂ, ਵਿਭਾਗ ਮੁਖੀਆਂ, ਡਿਵੀਜ਼ਨਲ ਕਮਿਸ਼ਨਰਾਂ ਅਤੇ ਡਿਪਟੀ ਕਮਿਸ਼ਨਰਾਂ ਨੂੰ ਇਨ੍ਹਾਂ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ।

# ਮੱਧ ਬੰਗਲਾਦੇਸ਼ ਵਿੱਚ ਟਰੱਕ ਪਲਟਿਆ, ਘੱਟੋ-ਘੱਟ 15 ਲੋਕਾਂ ਦੀ ਮੌਤ

**ਢਾਕਾ:** ਮੱਧ ਬੰਗਲਾਦੇਸ਼ ਦੇ ਇੱਕ ਮੁੱਖ ਹਾਈਵੇਅ 'ਤੇ ਸੋਮਵਾਰ ਤੜਕੇ ਇੱਕ ਟਰੱਕ ਪਲਟ ਗਿਆ, ਜਿਸ ਕਾਰਨ ਘੱਟੋ-ਘੱਟ 15 ਲੋਕਾਂ ਦੀ ਮੌਤ ਹੋ ਗਈ ਅਤੇ 10 ਹੋਰ ਜ਼ਖਮੀ ਹੋ ਗਏ। ਪੁਲਿਸ ਨੇ ਇਹ ਜਾਣਕਾਰੀ ਦਿੱਤੀ ਹੈ। ਸਥਾਨਕ ਫਾਇਰ ਸਟੇਸ਼ਨ ਦੇ ਇੰਚਾਰਜ ਅਤਾਉਰ ਰਹਿਮਾਨ ਨੇ ਪੱਤਰਕਾਰਾਂ ਨੂੰ ਦੱਸਿਆ, "ਇਹ ਹਾਦਸਾ ਜਮੁਨਾ ਪੁਲ ਦੇ ਪੂਰਬੀ ਹਿੱਸੇ ਵਿੱਚ ਵਾਪਰਿਆ, ਜੋ ਉੱਤਰ-ਪੱਛਮੀ ਬੰਗਲਾਦੇਸ਼ ਨੂੰ ਮੱਧ ਹਿੱਸੇ ਨਾਲ ਜੋੜਦਾ ਹੈ।" ਉਨ੍ਹਾਂ ਕਿਹਾ ਕਿ ਆਸ-ਪਾਸ ਦੇ ਇਲਾਕਿਆਂ ਦੇ ਲੋਕਾਂ ਦੀ ਮਦਦ ਨਾਲ 10 ਜ਼ਖਮੀਆਂ ਨੂੰ ਇਲਾਜ ਲਈ ਸਥਾਨਕ ਸਿਹਤ ਕੇਂਦਰ ਲਿਜਾਇਆ ਗਿਆ। ਸਥਾਨਕ ਪੁਲਿਸ ਅਨੁਸਾਰ, ਲਾਰੀ (ਟਰੱਕ) ਵਿੱਚ ਲੋਹੇ ਦੀਆਂ ਛੜਾਂ (ਸਰੀਆ) ਦੇ ਨਾਲ-ਨਾਲ ਕੁਝ ਸਵਾਰੀਆਂ ਵੀ ਬੈਠੀਆਂ ਸਨ।



ਡਰਾਈਵਰ ਨੇ ਵਾਹਨ ਤੋਂ ਕੰਟਰੋਲ ਖੋ ਦਿੱਤਾ ਅਤੇ ਇਹ ਮੱਧ ਬੰਗਲਾਦੇਸ਼ ਦੇ ਤੰਗੈਲ ਜ਼ਿਲ੍ਹੇ ਦੇ ਕਾਲੀਹਾਤੀ ਉਪ-ਜ਼ਿਲ੍ਹੇ ਵਿੱਚ ਪਲਟ ਗਿਆ। ਤੰਗੈਲ ਦੀ ਵਧੀਕ ਪੁਲਿਸ ਸੁਪਰਡੈਂਟ ਫੌਜੀਆ ਹਬੀਬ ਖਾਨ ਨੇ ਦੱਸਿਆ ਕਿ ਲਾਰੀ ਜਾਂ ਟਰੱਕ ਦੱਖਣ-ਪੂਰਬੀ ਬੰਦਰਗਾਹ ਸ਼ਹਿਰ ਚਟਗਾਓਂ ਤੋਂ ਉੱਤਰ-ਪੱਛਮੀ ਖੇਤਰ ਵੱਲ ਜਾ ਰਿਹਾ ਸੀ ਅਤੇ ਈਦ-ਉਲ-ਅਜ਼ਹਾ ਦੇ ਮੌਕੇ 'ਤੇ ਛੁੱਟੀਆਂ ਮਨਾਉਣ ਜਾ ਰਹੇ ਲੋਕ ਇਸ 'ਤੇ ਸਵਾਰ ਹੋਏ ਹੋਣਗੇ। ਇਹ ਦੁਖਦਾਈ ਘਟਨਾ ਸੋਮਵਾਰ ਤੋਂ ਸ਼ੁਰੂ ਹੋਈ ਈਦ-ਉਲ-ਅਜ਼ਹਾ ਦੀਆਂ 10 ਦਿਨਾਂ ਦੀਆਂ ਛੁੱਟੀਆਂ ਦੌਰਾਨ ਵਾਪਰੀ ਹੈ। ਲੋਕ ਤਿਉਹਾਰ ਲਈ ਆਪਣੇ-ਆਪਣੇ ਸ਼ਹਿਰਾਂ ਨੂੰ ਜਾ ਰਹੇ ਹਨ, ਜਿਸ ਕਾਰਨ ਬੱਸਾਂ, ਰੇਲ ਗੱਡੀਆਂ ਅਤੇ ਬੇੜੀਆਂ ਖਚਾਖਚ ਭਰੀਆਂ ਹੋਈਆਂ ਹਨ। ਹਾਲਾਂਕਿ, ਪੁਲਿਸ ਨੇ ਕਿਹਾ ਹੈ ਕਿ 15 ਮ੍ਰਿਤਕਾਂ ਦੀ ਤੁਰੰਤ ਪਛਾਣ ਨਹੀਂ ਹੋ ਸਕੀ ਹੈ ਅਤੇ ਉਨ੍ਹਾਂ ਦੀ ਪਛਾਣ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

# ਦੋਸਤ ਦਾ ਦੋਸਤ ਨੇ ਪ੍ਰੈਸ਼ਰ ਕੂਕਰ ਮਾਰ ਕੇ ਕੀਤਾ ਕਤਲ

**ਜਲੰਧਰ :** ਜਲੰਧਰ ਤੋਂ ਇਕ ਦਿਲ ਦਹਿਲਾ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਪੈਸਿਆਂ ਦੇ ਮਾਮੂਲੀ ਝਗੜੇ ਨੂੰ ਲੈ ਕੇ ਦੋਸਤ ਨੇ ਹੀ ਆਪਣੇ ਦੋਸਤ ਦਾ ਪ੍ਰੈਸ਼ਰ ਕੂਕਰ ਮਾਰ ਕੇ ਕਤਲ ਕਰ ਦਿੱਤਾ । ਘਟਨਾ ਸੰਤੋਖਪੁਰਾ ਦੇ ਸਰਾਭਾ ਨਗਰ ਦੀ ਹੈ, ਜਿੱਥੇ ਸ਼ਰਾਬ ਦੇ ਨਸ਼ੇ 'ਚ 2 ਦੋਸਤਾਂ 'ਚ ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਬਹਿਸ ਸ਼ੁਰੂ ਹੋ ਗਈ । ਕੁਝ ਹੀ ਸਮੇਂ 'ਚ ਤਕਰਾਰ ਇੰਨੀ ਵਧ ਗਈ ਕਿ ਦੋਸ਼ੀਆਂ ਨੇ ਨੇੜੇ ਹੀ ਰੱਖੇ ਪ੍ਰੈਸ਼ਰ ਕੁੱਕਰ ਨਾਲ ਪੀੜਤ ਦੇ ਸਿਰ 'ਤੇ ਹਮਲਾ ਕਰ ਦਿੱਤਾ। ਗੰਭੀਰ ਸੱਟਾਂ ਲੱਗਣ ਕਾਰਨ ਹਸਪਤਾਲ ਲਿਜਾਂਦੇ ਸਮੇਂ ਪੀੜਤ ਦੀ ਮੌਤ ਹੋ ਗਈ। ਪੁਲਿਸ ਨੇ ਮੁਸਤੈਦੀ ਦਿਖਾਉਂਦੇ ਹੋਏ ਦੋਸ਼ੀ ਨੂੰ ਮੌਕੇ ਤੋਂ ਗ੍ਰਿਫ਼ਤਾਰ ਕਰ ਲਿਆ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਦਰਦਨਾਕ ਘਟਨਾ ਜਲੰਧਰ ਦੇ ਥਾਣਾ 8 ਅਧੀਨ ਪੈਂਦੇ ਸੰਤੋਖਪੁਰਾ ਦੇ ਸਰਾਭਾ ਨਗਰ ਇਲਾਕੇ ਵਿਚ ਵਾਪਰੀ ਹੈ। ਮ੍ਰਿਤਕ ਦੀ ਪਛਾਣ ਪ੍ਰਦੀਪ ਵਜੋਂ ਹੋਈ ਹੈ, ਜੋ ਮੂਲ ਰੂਪ ਤੋਂ ਫੈਜ਼ਾਬਾਦ (ਉੱਤਰ ਪ੍ਰਦੇਸ਼) ਦਾ ਰਹਿਣ ਵਾਲਾ ਸੀ ਅਤੇ ਇਸ ਸਮੇਂ ਸਰਾਭਾ ਨਗਰ, ਜਲੰਧਰ ਦਾ ਰਹਿਣ ਵਾਲਾ ਸੀ। ਮੁਲਜ਼ਮ ਦੀ ਪਛਾਣ ਰਾਜੇਸ਼ ਵਜੋਂ ਹੋਈ ਹੈ, ਜੋ ਕਿ ਇਸੇ



ਇਲਾਕੇ ਦਾ ਰਹਿਣ ਵਾਲਾ ਹੈ। ਪ੍ਰਦੀਪ ਅਤੇ ਰਾਜੇਸ਼ ਨਾ ਸਿਰਫ਼ ਗੂੜ੍ਹੇ ਦੋਸਤ ਸਨ, ਬਲਕਿ ਦੋਵੇਂ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਇਕੋ ਫੈਕਟਰੀ ਵਿਚ ਕੰਮ ਵੀ ਕਰਦੇ ਸਨ। ਆਪਣੇ ਖ਼ਰਚੇ ਬਚਾਉਣ ਅਤੇ ਇਕੱਠੇ ਰਹਿਣ ਲਈ ਦੋਵਾਂ ਨੇ ਸਰਾਭਾ ਨਗਰ ਵਿੱਚ ਇੱਕ ਹੀ ਕਮਰਾ ਕਿਰਾਏ 'ਤੇ ਲਿਆ ਸੀ ਅਤੇ ਕਾਫੀ ਸਮੇਂ ਤੋਂ ਇਕੱਠੇ ਰਹਿ ਰਹੇ ਸਨ।

# ਆਵਾਰਾ ਕੁੱਤਿਆਂ ਦਾ ਮੁੱਦਾ: ਸੁਪਰੀਮ ਕੋਰਟ ਨੇ ਮੁੱਖ ਮੰਤਰੀ ਮਾਨ ਦੇ ਬਿਆਨ 'ਤੇ ਪਟੀਸ਼ਨ ਸੁਣਨ ਤੋਂ ਕੀਤਾ ਇਨਕਾਰ

## ਸੁਪਰੀਮ ਕੋਰਟ ਨੇ ਪਟੀਸ਼ਨ ਕਰਤਾ ਨੂੰ ਹਾਈ ਕੋਰਟ ਜਾਣ ਲਈ ਕਿਹਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸੋਮਵਾਰ ਨੂੰ ਇੱਕ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਜਿਸ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਸੀ ਕਿ ਸੁਪਰੀਮ ਕੋਰਟ ਨੇ ਆਵਾਰਾ ਕੁੱਤਿਆਂ ਨੂੰ ਮਾਰਨ ਲਈ "ਛੁੱਟੀ" ਦਿੱਤੀ ਹੈ। ਜਸਟਿਸ ਵਿਕਰਮ ਨਾਥ ਅਤੇ ਸੰਦੀਪ ਮਹਿਤਾ ਦੇ ਬੈਂਚ ਨੇ ਇਸ ਮਾਮਲੇ ਵਿੱਚ ਸੁਣਵਾਈ ਦੀ ਬੇਨਤੀ ਕਰਨ ਵਾਲੇ ਵਕੀਲ ਨੂੰ ਪੁੱਛਿਆ, "ਕੀ ਸਾਨੂੰ ਆਪਣਾ ਹੁਕਮ ਸਿਰਫ਼ ਇਸ ਲਈ ਬਦਲਣਾ ਪਵੇਗਾ ਕਿਉਂਕਿ ਮੁੱਖ ਮੰਤਰੀ ਨੇ ਬਿਆਨ ਦਿੱਤਾ ਹੈ?" ਵਕੀਲ ਨੇ ਦੱਸਿਆ ਕਿ ਆਵਾਰਾ ਕੁੱਤਿਆਂ ਦੇ ਮੁੱਦੇ 'ਤੇ ਸੁਪਰੀਮ ਕੋਰਟ ਦੇ 19 ਮਈ ਦੇ ਹੁਕਮ ਤੋਂ ਬਾਅਦ, ਪੰਜਾਬ ਦੇ ਮੁੱਖ ਮੰਤਰੀ ਨੇ ਕਥਿਤ ਤੌਰ 'ਤੇ ਟਵੀਟ ਕੀਤਾ ਸੀ ਕਿ ਸੁਪਰੀਮ ਕੋਰਟ ਨੇ ਆਵਾਰਾ ਕੁੱਤਿਆਂ ਨੂੰ ਮਾਰਨ ਲਈ "ਛੁੱਟੀ" ਦਿੱਤੀ ਹੈ। ਬੈਂਚ ਨੇ ਕਿਹਾ, "ਤੁਸੀਂ ਪੰਜਾਬ ਹਾਈ ਕੋਰਟ ਜਾਓ। ਅਸੀਂ ਤੁਹਾਡੀ ਬੇਨਤੀ ਨੂੰ ਸਵੀਕਾਰ ਨਹੀਂ ਕਰ ਰਹੇ ਹਾਂ।" ਵਕੀਲ ਨੇ ਦਾਅਵਾ ਕੀਤਾ ਕਿ ਸੁਪਰੀਮ ਕੋਰਟ ਦੇ ਹੁਕਮ ਤੋਂ ਬਾਅਦ ਆਵਾਰਾ ਕੁੱਤਿਆਂ



ਨੂੰ ਮਾਰਿਆ ਜਾ ਰਿਹਾ ਹੈ।19 ਮਈ ਨੂੰ ਦਿੱਤੇ ਗਏ ਇੱਕ ਇਤਿਹਾਸਕ ਫੈਸਲੇ ਵਿੱਚ, ਸੁਪਰੀਮ ਕੋਰਟ ਨੇ ਮਨੁੱਖੀ ਜੀਵਨ ਲਈ ਖ਼ਤਰੇ ਨੂੰ ਘੱਟ ਤੋਂ ਘੱਟ ਕਰਨ ਲਈ ਪਾਗਲ, ਬਿਮਾਰ, ਖਤਰਨਾਕ ਅਤੇ ਹਮਲਾਵਰ ਕੁੱਤਿਆਂ ਨੂੰ ਮਾਰਨ ਦੀ ਇਜਾਜ਼ਤ ਦਿੱਤੀ। ਅਦਾਲਤ ਨੇ ਕਿਹਾ ਕਿ ਇਸ ਵਿੱਚ ਸਨਮਾਨਜਨਕ ਜੀਵਨ ਜਿਊਣ ਦਾ ਅਧਿਕਾਰ ਸ਼ਾਮਲ ਹੈ, ਜਿਸ ਨਾਲ ਵਿਅਕਤੀਆਂ ਨੂੰ ਕੁੱਤਿਆਂ ਤੋਂ ਨੁਕ-ਸਾਨ ਦੇ ਡਰ ਤੋਂ ਬਿਨਾਂ ਆਜ਼ਾਦ ਘੁੰਮਣ-ਫਿਰਨ ਦੀ ਇਜਾਜ਼ਤ ਮਿਲਦੀ ਹੈ। ਆਪਣੇ ਕਿਸਮ ਦੇ ਪਹਿਲੇ ਹੁਕਮ ਵਿੱਚ, ਸੁਪਰੀਮ ਕੋਰਟ ਨੇ ਫੈਸਲਾ ਸੁਣਾਇਆ ਕਿ ਜਦੋਂ ਮਨੁੱਖੀ ਜੀਵਨ ਅਤੇ ਇਸਦੀ ਸੁਰੱਖਿਆ ਨੂੰ ਸੰਵੇਦਨਸ਼ੀਲ ਜੀਵਾਂ ਦੇ ਹਿੱਤਾਂ ਅਤੇ ਭਲਾਈ ਦੇ ਵਿਰੁੱਧ ਤੋਲਿਆ ਜਾਂਦਾ ਹੈ, ਤਾਂ ਸੰਵਿਧਾਨਕ ਸੰਤੁਲਨ ਨੂੰ ਸਪੱਸ਼ਟ ਤੌਰ 'ਤੇ ਮਨੁੱਖੀ ਜੀਵਨ ਦੀ ਸੰਭਾਲ ਅਤੇ ਸੁਰੱਖਿਆ ਦੇ ਪੱਖ ਵਿੱਚ ਝੁਕਣਾ ਚਾਹੀਦਾ ਹੈ। ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਅਵਾਰਾ ਕੁੱਤਿਆਂ ਅਤੇ ਹੋਰ ਜਾਨਵਰਾਂ ਨਾਲ ਨਜਿੱਠਣ ਲਈ ਬੁਨਿਆਦੀ ਢਾਂਚੇ ਦਾ ਵਿਸਥਾਰ ਕਰਨ ਦਾ ਨਿਰਦੇਸ਼ ਦਿੰਦੇ ਹੋਏ, ਸੁਪਰੀਮ ਕੋਰਟ ਨੇ ਸਾਰੀਆਂ ਹਾਈ ਕੋਰਟਾਂ ਨੂੰ ਇਸ ਮਾਮਲੇ ਵਿੱਚ ਜਾਰੀ ਕੀਤੇ ਗਏ ਆਪਣੇ 22 ਅਗਸਤ, 2025 ਅਤੇ 7 ਨਵੰਬਰ, 2025 ਦੇ ਨਿਰਦੇਸ਼ਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਮਾਮਲੇ ਦਾ ਖੁਦ ਨੋਟਿਸ ਲੈਣ ਦਾ ਨਿਰਦੇਸ਼ ਦਿੱਤਾ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਪੰਜਾਬ ਵਿਚ ਸਰਕਾਰੀ ਦਫ਼ਤਰਾਂ ਦਾ ਸਮਾਂ ਬਦਲਣ ਦੇ ਪਹਿਲੇ ਦਿਨ ਹੀ ਕਰਮਚਾਰੀ ਸਮੇਂ ਸਿਰ ਨਹੀਂ ਪਹੁੰਚੇ ਦਫ਼ਤਰ

**ਲੁਧਿਆਣਾ।** ਪੰਜਾਬ ਅਤੇ ਚੰਡੀਗੜ੍ਹ ਵਿੱਚ ਅੱਜ ਤੋਂ ਨੌਂ ਦਿਨਾਂ ਤੱਕ ਨੌਤਪਾ ਸ਼ੁਰੂ ਹੋ ਗਿਆ ਹੈ। ਇਸ ਨਾਲ ਨੌਂ ਦਿਨਾਂ ਤੱਕ ਤੇਜ਼ ਗਰਮੀ ਰਹੇਗੀ। ਇਸ ਦੇ ਮੱਦੇਨਜ਼ਰ, ਪੰਜਾਬ ਸਰਕਾਰ ਨੇ ਸਰਕਾਰੀ ਦਫ਼ਤਰਾਂ ਅਤੇ ਸਕੂਲਾਂ ਦੇ ਸਮੇਂ ਵਿੱਚ ਬਦਲਾਅ ਕੀਤਾ ਹੈ। ਸਰਕਾਰੀ ਸਕੂਲ ਅਤੇ ਦਫ਼ਤਰ ਅੱਜ ਸਵੇਰੇ 7:30 ਵਜੇ ਤੋਂ ਦੁਪਹਿਰ 1:30 ਵਜੇ ਤੱਕ ਖੁੱਲ੍ਹੇ ਰਹਿਣਗੇ। ਕਰਮਚਾਰੀਆਂ ਦਾ



ਦੁਪਹਿਰ ਦਾ ਖਾਣਾ 1:30 ਵਜੇ ਤੋਂ ਬਾਅਦ ਹੋਵੇਗਾ। ਪਰ ਪਹਿਲੇ ਹੀ ਦਿਨ, ਕਈ ਦਫ਼ਤਰਾਂ ਵਿੱਚ ਲਗਭਗ 50 ਪ੍ਰਤੀਸ਼ਤ ਅਧਿਕਾਰੀ ਅਤੇ ਕਰਮਚਾਰੀ ਸਮੇਂ ਸਿਰ ਪਹੁੰਚਣ ਵਿੱਚ ਅਸਫਲ ਰਹੇ। ਲੁਧਿਆਣਾ ਡੀਸੀ ਦਫ਼ਤਰ ਨਾਲ ਸਬੰਧਤ ਦਫ਼ਤਰਾਂ ਵਿੱਚ ਸਟਾਫ਼ ਦੇ ਦੇਰੀ ਨਾਲ ਪਹੁੰਚਣ ਬਾਰੇ ਏਡੀਸੀ ਜਨਰਲ ਪੂਨਮ ਸਿੰਘ ਨੇ ਕਿਹਾ ਹੈ ਕਿ ਕਾਰਵਾਈ ਕੀਤੀ ਜਾਵੇਗੀ।ਪੰਜਾਬ ਵਿੱਚ, ਸੇਵਾ ਕੇਂਦਰਾਂ ਦਾ ਸਮਾਂ ਵੀ ਸਵੇਰੇ 7:30 ਵਜੇ ਤੋਂ ਦੁਪਹਿਰ 1:30 ਵਜੇ ਤੱਕ ਬਦਲ ਦਿੱਤਾ ਗਿਆ ਹੈ। ਇਸ ਦੌਰਾਨ, ਚੰਡੀਗੜ੍ਹ ਦੇ ਸਕੂਲਾਂ ਵਿਚ 30 ਜੂਨ ਤੱਕ ਛੁੱਟੀਆਂ ਕਰ ਦਿੱਤੀਆਂ ਹਨ। ਗਰਮੀ ਦੇ ਮੱਦੇਨਜ਼ਰ, ਸਕੂਲ ਸਮਰ ਕੈਂਪਾਂ ਵਿੱਚ ਬਾਹਰੀ ਗਤੀਵਿਧੀਆਂ 'ਤੇ ਵੀ ਪਾਬੰਦੀ ਲਗਾਈ ਗਈ ਹੈ। ਚੰਡੀਗੜ੍ਹ ਮੌਸਮ ਵਿਗਿਆਨ ਕੇਂਦਰ ਨੇ ਪੰਜਾਬ ਲਈ ਤਿੰਨ ਦਿਨਾਂ ਲਈ ਲੂ ਦੀ ਚੇਤਾਵਨੀ ਜਾਰੀ ਕੀਤੀ। ਕਈ ਜ਼ਿਲ੍ਹਿਆਂ ਵਿਚ ਗਰਮੀ ਦੀ ਸਥਿਤੀ ਬਹੁਤ ਗੰਭੀਰ ਹੋਣ ਦੀ ਉਮੀਦ ਹੈ।ਏਡੀਸੀ ਜਨਰਲ ਪੂਨਮ ਸਿੰਘ ਨੇ ਕਿਹਾ ਕਿ ਸਾਰੇ ਜਾਣਦੇ ਹਨ ਕਿ ਦਫ਼ਤਰਾਂ ਦਾ ਸਮਾਂ ਸਵੇਰੇ 7:30 ਵਜੇ ਹੋ ਗਿਆ ਹੈ। ਇਸ ਲਈ, ਪਾਲਣਾ ਨੂੰ ਯਕੀਨੀ ਬਣਾਉਣਾ ਮੇਰੀ ਮੁੱਢਲੀ ਜ਼ਿੰਮੇਵਾਰੀ ਹੈ। ਸਾਡਾ ਦਫ਼ਤਰ ਲਗਭਗ ਸਵੇਰੇ 7:30 ਵਜੇ ਖੁੱਲ੍ਹਦਾ ਹੈ। ਨਿਰਧਾਰਤ ਸਮੇਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇਗੀ।


# ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ 'ਚ ਲਗਾਤਾਰ ਵਾਧੇ ਤੋਂ ਭੜਕੇ ਪਰਗਟ ਸਿੰਘ, ਕਿਹਾ, 'ਪਿਛਲੇ ਚਾਰ ਮਹੀਨਿਆਂ 'ਚ ਦੇਸ਼ ਦੀ ਸਥਿਤੀ ਹੋਈ ਚਿੰਤਾਜਨਕ'

## ਮਹਿੰਗਾਈ ਅਤੇ ਕਾਨੂੰਨ ਵਿਵਸਥਾ 'ਤੇ ਕਾਂਗਰਸ ਦਾ ਹੱਲਾਬੋਲ, ਜਲੰਧਰ ਵਿੱਚ ਕੇਂਦਰ ਸਰਕਾਰ ਦਾ ਪੁਤਲਾ ਸਾੜਿਆ

**ਜਲੰਧਰ:** ਵਧਦੀ ਮਹਿੰਗਾਈ, ਪੈਟਰੋਲ-ਡੀਜ਼ਲ ਅਤੇ ਰਸੋਈ ਗੈਸ ਦੀਆਂ ਲਗਾਤਾਰ ਵਧਦੀਆਂ ਕੀਮਤਾਂ ਦੇ ਵਿਰੋਧ ਵਿੱਚ, ਕਾਂਗਰਸੀ ਆਗੂਆਂ ਅਤੇ ਵਰਕਰਾਂ ਨੇ ਅੱਜ ਜਲੰਧਰ ਵਿੱਚ ਡੀਸੀ ਦਫ਼ਤਰ ਦੇ ਬਾਹਰ ਪੁਤਲਾ ਸਾੜਿਆ, ਕੇਂਦਰ ਸਰਕਾਰ ਵਿਰੁੱਧ ਜ਼ੋਰਦਾਰ ਪ੍ਰਦਰਸ਼ਨ ਕੀਤਾ। ਵਿਰੋਧ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਸੀਨੀਅਰ ਕਾਂਗਰਸੀ ਆਗੂ ਅਤੇ ਵਿਧਾਇਕ ਪਰਗਟ ਸਿੰਘ ਨੇ ਕਿਹਾ ਕਿ ਪਿਛਲੇ ਚਾਰ ਮਹੀਨਿਆਂ ਵਿੱਚ ਦੇਸ਼ ਦੀ ਸਥਿਤੀ ਚਿੰਤਾਜਨਕ ਹੋ ਗਈ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਸੰਸਦ ਵਿੱਚ ਪਹਿਲਾਂ ਹੀ ਚੇਤਾਵਨੀ ਦਿੱਤੀ ਸੀ ਕਿ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧਾ ਆਮ ਲੋਕਾਂ ਦੀ ਕਮਰ ਤੋੜ ਦੇਵੇਗਾ, ਪਰ ਕੇਂਦਰ ਸਰਕਾਰ ਨੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਉਨ੍ਹਾਂ ਕਿਹਾ ਕਿ ਜਦੋਂ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਸੱਤਾ ਵਿੱਚ ਸਨ, ਤਾਂ ਅੰਤਰਰਾਸ਼ਟਰੀ ਪੱਧਰ 'ਤੇ ਕੱਚੇ ਤੇਲ ਦੀਆਂ ਕੀਮਤਾਂ ਇਸ ਪੱਧਰ 'ਤੇ ਸਨ, ਪਰ ਆਮ ਲੋਕਾਂ 'ਤੇ ਇੰਨਾ ਬੋਝ ਨਹੀਂ ਸੀ। ਅੱਜ ਹਾਲਾਤ ਅਜਿਹੇ ਹਨ ਕਿ ਪੈਟਰੋਲ, ਡੀਜ਼ਲ ਅਤੇ ਗੈਸ ਸਿਲੰਡਰਾਂ ਦੀਆਂ ਕੀਮਤਾਂ ਨੇ ਹੋਟਲ ਮਾਲਕਾਂ, ਕਿਸਾਨਾਂ, ਮਜ਼ਦੂਰਾਂ ਅਤੇ ਵਪਾਰੀਆਂ ਨੂੰ ਤਬਾਹ ਕਰ ਦਿੱਤਾ ਹੈ। ਪਿਛਲੇ 11 ਦਿਨਾਂ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਇਹ ਚੌਥਾ ਵਾਧਾ ਹੈ। ਇਹ ਰੁਝਾਨ ਰੁਕਦਾ ਨਹੀਂ ਜਾਪਦਾ। ਤੇਲ ਕੰਪਨੀਆਂ ਲਗਾਤਾਰ ਮੁਨਾਫ਼ਾ ਕਮਾਉਣ ਦੇ ਬਾਵਜੂਦ, ਉਹ ਆਪਣੇ ਨੁਕਸਾਨ ਨੂੰ ਪੂਰਾ ਕਰਨ ਦੇ ਬਹਾਨੇ ਤੇਲ ਦੀਆਂ ਕੀਮਤਾਂ ਵਧਾ ਕੇ ਲੋਕਾਂ 'ਤੇ ਬੋਝ ਪਾ ਰਹੀਆਂ ਹਨ।



ਪਰਗਟ ਸਿੰਘ ਨੇ ਕਿਹਾ ਕਿ ਜਦੋਂ ਗੈਸ ਸਿਲੰਡਰ ਦੀ ਕੀਮਤ 400 ਰੁਪਏ ਸੀ, ਤਾਂ ਭਾਜਪਾ ਨੇਤਾ ਸਮ੍ਰਿਤੀ ਈਰਾਨੀ ਕਦੇ ਵਿਰੋਧ ਪ੍ਰਦਰਸ਼ਨ ਕਰਦੇ ਨਹੀਂ ਥੱਕਦੇ ਸਨ, ਪਰ ਅੱਜ ਉਹ ਚੁੱਪ ਬੈਠੇ ਹਨ, ਜਦੋਂ ਕਿ ਵਪਾਰਕ ਸਿਲੰਡਰਾਂ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਜਨਤਾ ਨੂੰ ਰਾਹਤ ਦੇਣ ਦੀ ਬਜਾਏ ਸਿਰਫ ਬਿਆਨਬਾਜ਼ੀ ਵਿੱਚ ਲੱਗੀ ਹੋਈ ਹੈ।

ਪੰਜਾਬ ਵਿੱਚ ਵਿਗੜਦੀ ਕਾਨੂੰਨ ਵਿਵਸਥਾ ਦੀ ਸਥਿਤੀ 'ਤੇ ਚਿੰਤਾ ਪ੍ਰਗਟ ਕਰਦਿਆਂ ਪਰਗਟ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੀ ਬਹੁਤ ਮਜ਼ਾਕ ਕਰਦੇ ਹਨ, ਪਰ ਉਨ੍ਹਾਂ ਨੂੰ ਪੰਜਾਬ ਵਿੱਚ ਵਿਗੜਦੀ ਕਾਨੂੰਨ ਵਿਵਸਥਾ ਦੀ ਸਥਿਤੀ ਦਿਖਾਈ ਨਹੀਂ ਦਿੰਦੀ। ਸੂਬੇ ਵਿੱਚ ਰੋਜ਼ਾਨਾ ਕਤਲ ਅਤੇ ਅਪਰਾਧ ਦੀਆਂ ਘਟਨਾਵਾਂ ਵਧ ਰਹੀਆਂ ਹਨ। ਹਾਲ ਹੀ ਵਿੱਚ ਅੰਮ੍ਰਿਤਸਰ ਵਿੱਚ ਇੱਕ ਪੁਲਿਸ ਸਟੇਸ਼ਨ ਅਫਸਰ ਦੇ ਕਤਲ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।

ਪਰਗਟ ਸਿੰਘ ਨੇ ਕਿਹਾ ਕਿ ਇਸ ਸਮੇਂ ਪੰਜਾਬ ਨੂੰ ਭਾਈਚਾਰਾ ਅਤੇ ਸਮਾਜਿਕ ਏਕਤਾ ਦੀ ਸਖ਼ਤ ਲੋੜ ਹੈ। ਉਨ੍ਹਾਂ ਕਾਂਗਰਸੀ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਘਰ-ਘਰ ਜਾ ਕੇ ਜਾਗਰੂਕਤਾ ਪੈਦਾ ਕਰਨ ਅਤੇ ਪੰਜਾਬ ਨੂੰ ਕਮਜ਼ੋਰ ਕਰਨ ਵਾਲੀਆਂ ਤਾਕਤਾਂ ਵਿਰੁੱਧ ਲੋਕਾਂ ਨੂੰ ਇੱਕਜੁੱਟ ਕਰਨ। ਉਨ੍ਹਾਂ ਕਿਹਾ ਕਿ ਜਨਤਾ ਨੂੰ ਹੁਣ ਬਿਆਨਬਾਜ਼ੀ ਅਤੇ ਝੂਠੇ ਵਾਅਦਿਆਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ।

ਇਸ ਮੌਕੇ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਰਜਿੰਦਰ ਬੇਰੀ ਨੇ ਵੀ ਤੇਲ ਦੀਆਂ ਲਗਾਤਾਰ ਵਧਦੀਆਂ ਕੀਮਤਾਂ ਨੂੰ ਲੈ ਕੇ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਤੇਲ ਦੀਆਂ ਕੀਮਤਾਂ ਵਧਾਉਣ ਲਈ ਕਿਸੇ ਬਹਾਨੇ ਦੀ ਲੋੜ ਸੀ, ਅਤੇ ਉਨ੍ਹਾਂ ਨੇ ਲਗਾਤਾਰ ਚੌਥੀ ਵਾਰ ਕੀਮਤਾਂ ਵਧਾ ਕੇ ਲੋਕਾਂ ਦੀ ਕਮਰ ਤੋੜ ਦਿੱਤੀ ਹੈ। ਵਿਧਾਇਕ ਬਾਬਾ ਹੈਨਰੀ ਨੇ ਇਹ ਵੀ ਕਿਹਾ ਕਿ ਕੇਂਦਰ ਸਰਕਾਰ ਨੇ ਥੋੜ੍ਹੇ ਸਮੇਂ ਵਿੱਚ ਹੀ ਦੇਸ਼ ਨੂੰ ਬਰਬਾਦੀ ਦੇ ਕੰਢੇ 'ਤੇ ਪਹੁੰਚਾ ਦਿੱਤਾ ਹੈ। ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਰੋਜ਼ਾਨਾ ਵਾਧੇ ਨੇ ਨਾ ਸਿਰਫ਼ ਆਵਾਜਾਈ ਨੂੰ ਮਹਿੰਗਾ ਕਰ ਦਿੱਤਾ ਹੈ, ਸਗੋਂ ਹਰ ਚੀਜ਼ ਨੂੰ ਵੀ ਪ੍ਰਭਾਵਿਤ ਕੀਤਾ ਹੈ। ਮਹਿੰਗਾਈ ਦੇ ਪ੍ਰਭਾਵ ਤੋਂ ਕੋਈ ਵੀ ਨਹੀਂ ਬਚ ਸਕਿਆ।

## ਕਾਂਗਰਸੀ ਆਗੂ ਅਲਕਾ ਲਾਂਬਾ ਮਹਿਲਾ ਰਾਖਵਾਂਕਰਨ ਪ੍ਰਦਰਸ਼ਨ ਮਾਮਲੇ 'ਚ ਦੋਸ਼ੀ ਕਰਾਰ

**ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਨੇ ਸੁਣਾਇਆ ਫ਼ੈਸਲਾ, 5 ਜੂਨ ਨੂੰ ਸਜ਼ਾ ਸਬੰਧੀ ਅਦਾਲਤ 'ਚ ਹੋਵੇਗੀ ਬਹਿਸ**



**ਨਵੀਂ ਦਿੱਲੀ** : ਕਾਂਗਰਸ ਆਗੂ ਅਲਕਾ ਲਾਂਬਾ ਨੂੰ ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਤੋਂ ਵੱਡਾ ਝਟਕਾ ਲੱਗਾ ਹੈ। ਅਦਾਲਤ ਨੇ ਆਲ ਇੰਡੀਆ ਮਹਿਲਾ ਕਾਂਗਰਸ ਦੀ ਕੌਮੀ ਪ੍ਰਧਾਨ ਅਲਕਾ ਲਾਂਬਾ ਨੂੰ ਜੰਤਰ-ਮੰਤਰ 'ਤੇ ਮਹਿਲਾ ਰਾਖਵਾਂਕਰਨ ਲਾਗੂ ਕਰਨ ਦੀ ਮੰਗ ਨੂੰ ਲੈ ਕੇ ਹੋਏ ਪ੍ਰਦਰਸ਼ਨ ਨਾਲ ਜੁੜੇ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤਾ ਹੈ । ਹੁਣ ਆਉਂਦੀ 5 ਜੂਨ ਨੂੰ ਅਲਕਾ ਲਾਂਬਾ ਦੀ ਸਜ਼ਾ 'ਤੇ ਅਦਾਲਤ ਵਿਚ ਬਹਿਸ ਹੋਵੇਗੀ। ਉੱਥੇ ਹੀ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤੇ ਜਾਣ 'ਤੇ ਕਾਂਗਰਸੀ ਆਗੂ ਅਲਕਾ ਲਾਂਬਾ ਨੇ ਕਿਹਾ ਕਿ ਮੈਨੂੰ ਇਹੀ ਉਮੀਦ ਸੀ। ਹਾਲਾਂਕਿ ਮੈਂ ਡਰਨ ਵਾਲਿਆਂ ਵਿੱਚੋਂ ਨਹੀਂ ਹਾਂ। ਜ਼ਿਕਰਯੋਗ ਹੈ ਕਿ ਇਹ ਜੁਲਾਈ 2024 ਦਾ ਮਾਮਲਾ ਹੈ, ਜਦੋਂ ਮਾਨਸੂਨ ਸੈਸ਼ਨ ਚੱਲ ਰਿਹਾ ਸੀ ਅਤੇ ਮਹਿਲਾ ਕਾਂਗਰਸ ਦੀ ਰਾਸ਼ਟਰੀ ਪ੍ਰਧਾਨ ਦੇ ਤੌਰ 'ਤੇ ਮੈਂ ਅਤੇ ਮੇਰੀਆਂ ਸਾਰੀਆਂ ਭੈਣਾਂ ਆਪਣੇ ਸੰਵਿਧਾਨਕ ਅਤੇ ਲੋਕਤੰਤਰਿਕ ਅਧਿਕਾਰਾਂ ਤਹਿਤ ਜੰਤਰ-ਮੰਤਰ 'ਤੇ ਪ੍ਰਦਰਸ਼ਨ ਕਰ ਰਹੀਆਂ ਸੀ। ਅਸੀਂ ਔਰਤਾਂ ਲਈ ਰਾਖਵਾਂਕਰਨ ਅਤੇ ਸੁਰੱਖਿਆ ਲਾਗੂ ਕਰਨ ਦੀ ਮੰਗ ਕਰ ਰਹੇ ਸੀ। ਅਲਕਾ ਲਾਂਬਾ ਨੇ ਅੱਗੇ ਕਿਹਾ ਕਿ ਪ੍ਰਦਰਸ਼ਨ ਦੇ ਦੌਰਾਨ ਹੀ ਮਾਮਲੇ ਵਿੱਚ ਦਬਾਅ ਹੇਠ ਆ ਕੇ ਪੁਲਿਸ ਨੇ ਮੇਰੇ ਖ਼ਿਲਾਫ਼ ਐਫ.ਆਈ.ਆਰ. ਅਤੇ ਚਾਰਜਸ਼ੀਟ ਦਾਇਰ ਕਰ ਦਿੱਤੀ ਸੀ । ਅੱਜ ਮੈਨੂੰ ਪਤਾ ਲੱਗਾ ਕਿ ਅਦਾਲਤ ਨੇ ਮੈਨੂੰ ਦੋਸ਼ੀ ਠਹਿਰਾਇਆ ਗਿਆ ਹੈ, ਇਹ ਇੱਕ ਬਹੁਤ ਵੱਡਾ ਅਪਰਾਧ ਹੈ । ਮੈਂ ਡਰਨ ਵਾਲਿਆਂ ਵਿੱਚੋਂ ਨਹੀਂ ਹਾਂ । ਤੁਸੀਂ ਮੈਨੂੰ ਜੋ ਮਰਜ਼ੀ ਸਜ਼ਾ ਦੇ ਸਕਦੇ ਹੋ । ਇਹ ਔਰਤਾਂ ਦੀ ਸੁਰੱਖਿਆ ਨਾਲ ਜੁੜਿਆ ਮਾਮਲਾ ਹੈ । ਇਸ ਕਾਰਨ ਪੂਰੇ ਦੇਸ਼ ਵਿੱਚ ਅਫ਼ਰਾ-ਤਫ਼ਰੀ ਮਚੀ ਹੋਈ ਹੈ ਅਤੇ ਲੋਕ ਮਦਦ ਲਈ ਗੁਹਾਰ ਲਗਾ ਰਹੇ ਹਨ, ਅਤੇ ਜੇਕਰ ਅਸੀਂ ਇਸ ਦੇ ਲਈ ਲੜਦੇ ਹਾਂ ਤਾਂ ਸਾਨੂੰ ਹੀ ਦੋਸ਼ੀ ਠਹਿਰਾ ਦਿੱਤਾ ਜਾਂਦਾ ਹੈ।


SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਜਰਖੜ ਵਿਖੇ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦਾ ਛੇਵਾਂ ਦਿਨ

## ਸੀਨੀਅਰ ਵਰਗ ਵਿੱਚ ਜਰਖੜ ਅਕੈਡਮੀ ਅਤੇ ਅਮਰਗੜ੍ਹ ਕੁਆਟਰ ਫਾਈਨਲ ਵਿੱਚ ਪੁੱਜੇ









**ਲੁਧਿਆਣਾ 25 ਮਈ (ਕਰਨੈਲ ਸਿੰਘ ਐੱਮ.ਏ.)** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟ੍ਰਸਟ ਪਿੰਡ ਜਰਖੜ ਵੱਲੋਂ ਕਰਵਾਏ ਜਾ ਰਹੇ 16ਵੇਂ ਜੇ. ਐਸ.ਟੀ.ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਟੂਰਨਾਮੈਂਟ ਦੇ ਛੇਵੇਂ ਦਿਨ ਜਿੱਥੇ ਸੀਨੀਅਰ ਵਰਗ ਵਿੱਚ ਜਰਖੜ ਹਾਕੀ ਅਕੈਡਮੀ ਅਤੇ ਅਮਰਗੜ੍ਹ ਹਾਕੀ ਸੈਂਟਰ ਨੇ ਆਪੋ-ਆਪਣੇ ਮੈਚ ਜਿੱਤ ਕੇ ਕੁਆਟਰ ਫਾਈਨਲ ਵਿੱਚ ਪ੍ਰਵੇਸ਼ ਕੀਤਾ, ਉਥੇ ਜੂਨੀਅਰ ਵਰਗ ਵਿੱਚ ਕਿਲ੍ਹਾ ਰਾਏਪੁਰ ਹਾਕੀ ਸੈਂਟਰ ਜਰਖੜ ਹਾਕੀ ਅਕੈਡਮੀ ਨੇ ਵੀ ਜਿੱਤਾਂ ਹਾਸਲ ਕਰਦਿਆਂ ਆਪਣੇ ਜੇਤੂ ਕਦਮ ਅੱਗੇ ਵਧਾਏ।

ਸੀਨੀਅਰ ਵਰਗ ਜਰਖੜ ਹਾਕੀ ਅਕੈਡਮੀ ਨੇ ਆਪਣੇ ਆਖਰੀ ਲੀਗ ਵਿੱਚ ਬਾਬਾ ਲੁਧਿਆਣਾ ਸਪੋਰਟਸ ਕਲੱਬ ਨੂੰ 6-3 ਗੋਲਾਂ ਨਾਲ ਹਰਾਇਆ। ਇਸ ਮੈਚ ਵਿੱਚ ਪ੍ਰਗਟ ਅਤੇ ਮਾਨਵਦੀਪ ਪਿਉ ਪੁੱਤ ਦੀ ਜੋੜੀ ਛਾਈ ਰਹੀ , ਸਾਰੇ ਗੋਲ ਪਿਉ ਪੁੱਤਾਂ ਨੇ ਹੀ ਕੀਤੇ। ਜਰਖੜ ਅਕੈਡਮੀ ਨੇ ਇਸ ਜਿੱਤ ਨਾਲ ਕੁੱਲ 10 ਅੰਕ ਹਾਸਲ ਕਰਕੇ ਦੂਸਰਾ ਸਥਾਨ ਹਾਸਿਲ ਕੀਤਾ । ਦੂਜੇ ਲੀਗ ਮੈਚ ਵਿੱਚ ਅਮਰਗੜ੍ਹ ਹਾਕੀ ਸੈਂਟਰ ਨੇ ਸੰਤ ਬਾਬਾ ਗੁਲਾਬ ਸਿੰਘ ਕਲੱਬ ਘੋਲੀਆ ਖੁਰਦ ਮੋਗਾ ਨੂੰ 5-3 ਹਰਾ ਕੇ ਅਗਲੇ ਗੇੜ ਵਿੱਚ ਪ੍ਰਵੇਸ਼ ਪਾਇਆ। ਜੂਨੀਅਰ ਵਰਗ ਹਾਕੀ ਮੁਕਾਬਲਿਆਂ ਵਿੱਚ ਕਿਲਾ ਰਾਏਪੁਰ ਹਾਕੀ ਸੈਂਟਰ ਨੇ ਨਨਕਾਣਾ ਸਾਹਿਬ ਛੰਨਾ ਅਮਰਗੜ੍ਹ ਹਾਕੀ ਸੈਂਟਰ ਨੂੰ 6-0 ਗੋਲਾਂ ਨਾਲ ਹਰਾ ਕੇ ਸੈਮੀਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ ਇਸ ਤੋਂ ਇਲਾਵਾ ਜਰਖੜ ਹਾਕੀ ਅਕੈਡਮੀ ਨੇ ਘਵੱਦੀ ਹਾਕੀ ਸੈਂਟਰ ਨੂੰ 4-1 ਗੋਲਾਂ ਨਾਲ ਹਰਾ ਕੇ ਕਵਾਟਰ ਫਾਈਨਲ ਆਪਣਾ ਦਾਖ਼ਲਾ ਪਾਇਆ।

ਇਸ ਮੌਕੇ ਕੌਮੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਹਾਕੀ ਖਿਡਾਰੀ ਗੁਰਪ੍ਰਤਾਪ ਸਿੰਘ ਬਿੰਨੀ ਲੁਧਿਆਣਾ, ਸੰਜੇ ਕੁਮਾਰ ਲੁਧਿਆਣਾ, ਗੋਲਕੀਪਰ ਹਰਜੀਤ ਸਿੰਘ ਮੋਗਾ, ਮਨਜਿੰਦਰ ਸਿੰਘ ਅਕਾਲਗੜ੍ਹ, ਮਨਦੀਪ ਸਿੰਘ ਸੈਂਡੀ ਅਮਰਗੜ੍ਹ ਨੂੰ ਉਹਨਾਂ ਦੇ ਹਾਕੀ ਕੈਰੀਅਰ ਦੀਆਂ ਵਧੀਆ ਸੇਵਾਵਾਂ ਬਦਲੇ ਸਨਮਾਨਿਤ ਕੀਤਾ ।

ਇਸ ਮੌਕੇ ਭੁਪਿੰਦਰ ਸਿੰਘ ਰੱਤੀਆਂ ਹਰਿਆਣਾ ਸਾਬਕਾ ਕੌਮੀ ਅਥਲੀਟ, ਅਮਰੀਕ ਸਿੰਘ ਮਿਨ-ਹਾਸ ਏਆਈਜੀ, ਅਜੀਤ ਸਿੰਘ ਲਾਦੀਆਂ ਨੇ ਵੱਖ-ਵੱਖ ਮੈਚਾਂ ਦੌਰਾਨ ਟੀਮਾਂ ਦੇ ਨਾਲ ਮੁੱਖ ਮਹਿਮਾਨ ਵਜੋਂ ਜਾਣ ਪਹਿਚਾਣ ਕੀਤੀ। ਇਸ ਮੌਕੇ ਗੁਰਦੀਪ ਸਿੰਘ ਜ਼ਿਲ੍ਹਾ ਖੇਡ ਅਫਸਰ, ਬਾਬਾ ਰੁਲਦਾ ਸਿੰਘ ਸਾਇਆਂ ਕਲਾਂ, ਬਾਬਾ ਗੁਰਬਖਸ਼ ਸਿੰਘ ਘਵੱਦੀ , ਸ਼ਿੰਗਾਰਾ ਸਿੰਘ ਜਰਖੜ, ਗੁਰ ਸਤਿੰਦਰ ਸਿੰਘ ਪ੍ਰਗਟ , ਕੁਲਦੀਪ ਸਿੰਘ ਘਵੱਦੀ, ਗੁਰਤੇਜ ਸਿੰਘ ਲਾਡੀ ਸੁਧਾਰ, ਬੂਟਾ ਸਿੰਘ ਸਿੱਧੂ ਦੋਰਾਹਾ, ਦਲਵੀਰ ਸਿੰਘ ਜਰਖੜ, ਪਵਨਪ੍ਰੀਤ ਸਿੰਘ ਡੰਗੋਰਾ, ਅਜੀਤਪਾਲ ਸਿੰਘ ਨਾਰੰਗਵਾਲ, ਗੁਰਵਿੰਦਰ ਸਿੰਘ ਗਰੇਵਾਲ, ਮਨਜੀਤ ਸਿੰਘ ਚਾਹਲ ਡੰਗੋਰਾ, ਰਘਵੀਰ ਸਿੰਘ ਡੰਗੋਰਾ,ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਅਗਲੇ ਗੇੜ ਦੇ ਕੁਆਰਟਰ ਫਾਈਨਲ ਮੁਕਾਬਲੇ 28 ਮਈ ਦਿਨ ਵੀਰਵਾਰ ਨੂੰ ਹੋਣਗੇ। ਜਿਸ ਵਿੱਚ ਸੀਨੀਅਰ ਵਰਗ ਵਿੱਚ ਪਹਿਲਾ ਮੁਕਾਬਲਾ ਜਰਖੜ ਅਕੈਡਮੀ ਬਨਾਮ ਸੰਤ ਗੁਲਾਬ ਸਿੰਘ ਕਲੱਬ ਘੋਲੀਆ ਖੁਰਦ ਮੋਗਾ ਵਿਚਕਾਰ ਸ਼ਾਮ 7 ਵਜੇ ਅਤੇ ਦੂਸਰਾ ਮੁਕਾਬਲਾ ਯੰਗ ਕਲੱਬ ਉਟਾਲਾ ਅਤੇ ਅਮਰਗੜ੍ਹ ਹਾਕੀ ਸੈਂਟਰ ਦੇ ਵਿਚਕਾਰ ਰਾਤ 8 ਵਜੇ ਖੇਡਿਆ ਜਾਵੇਗਾ ਜਦ ਕਿ ਜੂਨੀਅਰ ਵਰਗ ਦਾ ਪਹਿਲਾ ਮੁਕਾਬਲਾ ਏਕ ਨੂਰ ਅਕੈਡਮੀ ਤੇਹਿੰਗ ਬਨਾਮ ਐਚਟੀਸੀ ਰਾਮਪੁਰ ਵਿਚਕਾਰ 5 ਵਜੇ ਸ਼ਾਮ ਅਤੇ ਦੂਸਰਾ ਮੈਚ ਜਰਖੜ ਅਕੈਡਮੀ ਬਨਾਮ ਸੰਗਰੂਰ ਹਾਕੀ ਸੈਂਟਰ ਵਿਚਕਾਰ ਸ਼ਾਮ 6 ਵਜੇ ਖੇਡਿਆ ਜਾਵੇਗਾ ।

# ਪਾਪੂਲਰ ਦੀਆਂ ਟਾਹਣੀਆਂ ਦਾ ਕੁਤਰਾ ਕਰਨ ਵਾਲੀ ਮਸ਼ੀਨ ਤੇ ਚੜ੍ਹ ਕੇ 15 - 15 ਪ੍ਰਵਾਸੀ ਮਜ਼ਦੂਰ ਆਪਣੀ ਜਾਨ ਜ਼ੋਖਮ ਵਿੱਚ ਪਾ ਕੇ ਪਹੁੰਚਦੇ ਹਨ ਕੰਮ ਤੇ

## ਅਚਾਨਕ ਮਸ਼ੀਨ ਨਾਲ ਹਾਦਸਾ ਵਾਪਰਨ ਤੇ ਹੋ ਸਕਦਾ ਹੈ ਵੱਡਾ ਨੁਕਸਾਨ



**ਨਵਾਂਸ਼ਹਿਰ 25 ਮਈ (ਜਤਿੰਦਰ ਪਾਲ ਸਿੰਘ ਕਲੇਰ )** ਇਲਾਕੇ ਦੇ ਨੇੜਲੇ ਪਿੰਡਾਂ ਵਿੱਚ ਬੇਟ ਅਤੇ ਕੰਢੀ ਖੇਤਰ ਦੇ ਕਿਸਾਨਾਂ ਨੇ ਆਪਣੇ ਖੇਤਾਂ ਵਿੱਚ ਆਪਣੇ ਖੇਤਾਂ ਵਿੱਚ ਬੇਸ਼ਮਾਰ ਦੇ ਪਾਪੂਲਰ ਦੇ ਬੂਟੇ ਲਗਾਕੇ ਜਿੱਥੇ ਆਪਣੀ ਆਮਦਨ ਵਿੱਚ ਚੋਖਾ ਵਾਧਾ ਕੀਤਾ ਹੈ ਉੱਥੇ ਇਲਾਕੇ ਨੂੰ ਹਰਿਆ ਭਰਿਆਂ ਵੀ ਬਣਾਇਆ ਪਰ ਜਦੋਂ ਇਹ ਪਾਪੂਲਰ ਦੇ ਬੂਟੇ ਚਾਰ ਪੰਜ ਸਾਲ ਤੋਂ ਬਾਅਦ ਕੱਟਣ ਵਾਲੇ ਹੁੰਦੇ ਹਨ ਤਾਂ ਪਾਪੂਲਰ ਦੇ ਬੂਟੇ ਵੱਢਣ ਤੋਂ ਬਾਅਦ ਉਹਨਾਂ ਦੀਆਂ ਟਾਹਣੀਆਂ ਦਾ ਕੁਤਰਾ ਕਰਨ ਲਈ ਪ੍ਰਵਾਸੀ ਮਜ਼ਦੂਰ ਅਤੇ ਇਹਨਾਂ ਦੇ ਪਰਿਵਾਰ ਟਾਹਣੀਆਂ ਦਾ ਟੋਕਾ ਕਰਨ ਵਾਲੇ ਟਰੈਕਟਰ ਤੇ ਬੈਠ ਕੇ ਆਪਣੀ ਜਾਨ ਨੂੰ ਜ਼ੋਖਮ ਵਿੱਚ ਪਾ ਕੇ ਆਪਣੇ ਕੰਮ ਤੇ ਪਹੁੰਚਦੇ ਹਨ ਜਦੋਂ ਕਿ ਟਰੈਕਟਰ ਨਾਲ ਜੁੜੀ ਟੋਕਾ ਕਰਨ ਵਾਲੀ ਮਸ਼ੀਨ ਦੇ ਉੱਪਰ ਅਤੇ ਸਾਈਡਾਂ ਤੇ ਬੈਠ ਕੇ ਆਪਣੀ ਜਾਨ ਨੂੰ ਜ਼ੋਖਮ ਵਿੱਚ ਪਾ ਕੇ ਪ੍ਰਵਾਸੀ ਮਜ਼ਦੂਰ ਅਤੇ ਇਹਨਾਂ ਦੇ ਪਰਿਵਾਰ ਖੇਤਾਂ ਵਿੱਚ ਪਹੁੰਚਦੇ ਹਨ ਅਤੇ ਉਥੋਂ ਕੰਮ ਕਾਰ ਨਿਪਟਾ ਕੇ ਫਿਰ ਦੁਬਾਰਾ ਇਸੇ ਤਰ੍ਹਾਂ ਆਪਣੀ ਅਤੇ ਆਪਣੇ ਪਰਿਵਾਰ ਦੀ ਜਾਨ ਜ਼ੋਖਮ ਵਿੱਚ ਪਾ ਕੇ ਮੁੜ ਆਪਣੇ ਘਰ ਪਹੁੰਚਦੇ ਹਨ ਪਰ ਹੈਰਾਨੀ ਦੀ ਗੱਲ ਹੈ ਇਹਨਾਂ ਪ੍ਰਵਾਸੀ ਮਜ਼ਦੂਰਾਂ ਅਤੇ ਠੇਕੇਦਾਰ ਨੂੰ ਪੁੱਛਣ ਵਾਲਾ ਕੋਈ ਵੀ ਪ੍ਰਸ਼ਾਨਿਕ ਅਧਿਕਾਰੀ ਨਹੀਂ ਹੈ ਜੋ ਕਿ ਪ੍ਰਵਾਸੀ ਮਜ਼ਦੂਰਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰਨ ਵਾਲੇ ਠੇਕੇਦਾਰ ਤੇ ਸ਼ਿਕੰਜਾ ਕੱਸ ਕੇ ਸਕੇ ਇੱਥੇ ਹੀ ਬੱਸ ਨਹੀਂ ਜਦੋਂ ਕਿਤੇ ਜਦੋਂ ਕਿ ਅਚਾਨਕ ਆਪਣੇ ਕੰਮ ਤੇ ਖੇਤਾਂ ਨੂੰ ਜਾਂਦੇ ਆਉਂਦੇ ਸਮੇਂ ਇਸ ਟਰੈਕਟਰ ਨਾਲ ਕੋਈ ਵੀ ਸੜਕ ਤੇ ਵੱਡਾ ਹਾਦਸਾ ਵਾਪਰ ਸਕਦਾ ਹੈ ਕਿਉਂਕਿ ਮਸ਼ੀਨ ਤੇ 15-15 ਪ੍ਰਵਾਸੀ ਮਜ਼ਦੂਰ ਲਮਕੇ ਹੋਏ ਹੁੰਦੇ ਹਨ ਉਹਨਾਂ ਦਾ ਵੱਡਾ ਨੁਕਸਾਨ ਹੋ ਸਕਦਾ ਹੈ ਅਤੇ ਖੇਤਾਂ ਵਿੱਚ ਜਾਂਦੇ ਸਮੇਂ ਅਚਾਨਕ ਉੱਚੇ ਨੀਵੇਂ ਥਾਂ ਤੋਂ ਇਹ ਟੋਕਾ ਮਸ਼ੀਨ ਪਲਟ ਵੀ ਸਕਦੀ ਹੈ ਜਿਸ ਕਰਕੇ ਪ੍ਰਵਾਸੀ ਮਜ਼ਦੂਰਾਂ ਨਾਲ ਵੱਡਾ ਹਾਦਸਾ ਵਾਪਰ ਸਕਦਾ ਹੈ। ਪਾਪੂਲਰ ਦੀਆਂ ਟਾਣੀਆਂ ਕੱਟਣ ਵਾਲੇ ਠੇਕੇਦਾਰ ਕੇਵਲ ਆਪਣਾ ਹੀ ਫਾਇਦਾ ਦੇਖਦੇ ਹਨ ਅਤੇ ਪ੍ਰਵਾਸੀ ਮਜ਼ਦੂਰਾਂ ਅਤੇ ਉਨਾਂ ਦੇ ਪਰਿਵਾਰ ਦਾ ਕੋਈ ਵੀ ਖਿਆਲ ਨਹੀਂ ਕਰਦਾ ਉਹਨਾਂ ਦੀ ਜ਼ਿੰਦਗੀ ਖਤਰੇ ਵਿੱਚ ਪਾ ਕੇ ਵੀ ਠੇਕੇਦਾਰ ਆਪਣਾ ਹੀ ਫਾਇਦਾ ਸੋਚਦੇ ਹਨ। ਅੱਜ ਕੱਲ ਸਮੇਂ ਵਿੱਚ ਠੇਕੇਦਾਰਾਂ ਨੂੰ ਆਪਣੀ ਲੇਵਰ ਕੰਮ ਤੇ ਛੱਡਣ ਅਤੇ ਲਿਆਉਣ ਲਈ ਆਪਣੀ ਟਰਾਲੀ ਜਾ ਹੋਰ ਸਾਧਨ ਦੀ ਵਰਤੋਂ ਕਰਨੀ ਚਾਹੀਦੀ ਹੈ ਜਿਸ ਨਾਲ ਪ੍ਰਵਾਸੀ ਮਜ਼ਦੂਰਾਂ ਦੀ ਜਾਨ ਨੂੰ ਕੋਈ ਖਤਰਾ ਨਾ ਹੋਵੇ ਇਲਾਕੇ ਦੇ ਲੋਕਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਜੋ ਲੋਕ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਦੇ ਹਨ ਉਹਨਾਂ ਦੇ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

# ਕੁੱਲ ਹਿੰਦ ਖੇਤ ਮਜਦੂਰ ਯੂਨੀਅਨ ਦੀ ਮੀਟਿੰਗ ਹੋਈ



**ਹਠੂਰ ਵਿਖੇ ਮੀਟਿੰਗ ਕਰਨ ਸਮੇਂ ਜਿਲ੍ਹਾ ਸੈਕਟਰੀ ਕਾਮਰੇਡ ਕਾਮਰੇਡ ਬਲਜੀਤ ਸਿੰਘ ਗੋਰਸੀਆ ਆਪਣੇ ਸਾਥੀਆ ਸਮੇਂਤ।**

**ਰਾਏਕੋਟ - 25ਮਈ ( ਗੁਰਭਿੰਦਰ ਗੁਰੀ )** ਕੁੱਲ ਹਿੰਦ ਖੇਤ ਮਜਦੂਰ ਯੂਨੀਅਨ ਦੇ ਆਗੂ ਕਾਮਰੇਡ ਪਾਲ ਸਿੰਘ ਭੰਮੀਪੁਰਾ ਦੀ ਅਗਵਾਈ ਹੇਠ ਤਹਿਸੀਲ ਪੱਧਰੀ ਮੀਟਿੰਗ ਅੱਜ ਹਠੂਰ ਵਿਖੇ ਹੋਈ।ਇਸ ਮੀਟਿੰਗ ਵਿਚ ਕੁੱਲ ਹਿੰਦ ਖੇਤ ਮਜਦੂਰ ਯੂਨੀਅਨ ਅਤੇ ਕੁੱਲ ਹਿੰਦ ਕਿਸਾਨ ਸਭਾ ਦੇ ਆਹੁਦੇਦਾਰਾ ਅਤੇ ਵਰਕਰਾ ਨੇ ਭਾਗ ਲਿਆ।ਇਸ ਮੀਟਿੰਗ ਨੂੰ ਸੰਬੋਧਨ ਕਰਦਿਆ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਆਗੂ ਕਾਮਰੇਡ ਬਲਜੀਤ ਸਿੰਘ ਗੋਰਸੀਆ ਨੇ ਕਿਹਾ ਕਿ ਅੱਜ ਕੇਂਦਰ ਦੀ ਬੀਜੇਪੀ ਸਰਕਾਰ ਪੰਜਾਬ ਵਾਸੀਆ ਨਾਲ ਮਤਰੇਈ ਮਾਂ ਵਰਗਾ ਸਲੂਕ ਕਰ ਰਹੀ ਹੈ ਅਤੇ ਕਿਸਾਨਾ-ਮਜਦੂਰਾ ਦੇ ਵਿਰੋਧ ਵਿਚ ਨਵੇਂ ਕਾਨੂੰਨ ਬਣਾ ਰਹੀ ਹੈ।ਇਨ੍ਹਾ ਕਾਨੂੰਨਾ ਦੇ ਵਿਰੋਧ ਵਿਚ ਕੁੱਲ ਹਿੰਦ ਖੇਤ ਮਜਦੂਰ ਯੂਨੀਅਨ ਅਤੇ ਕੁੱਲ ਹਿੰਦ ਕਿਸਾਨ ਸਭਾ ਵੱਲੋ 29 ਮਈ ਦਿਨ ਸ਼ੁੱਕਰਵਾਰ ਨੂੰ ਦੇਸ਼ ਭਗਤ ਯਾਦਗਾਰੀ ਹਾਲ ਜਲੰਧਰ ਵਿਖੇ ਵਿਸਾਲ ਰੋਸ ਰੈਲੀ ਕੀਤੀ ਜਾ ਰਹੀ ਹੈ।ਇਸ ਰੈਲੀ ਨੂੰ ਹੋਰ ਮਜਬੂਤ ਬਣਾਉਣ ਲਈ ਕਿਸਾਨ ਅਤੇ ਮਜਦੂਰ ਆਗੂਆ ਵੱਲੋ ਰੋਜਾਨਾ ਪਿੰਡਾ ਅਤੇ ਸਹਿਰਾ ਵਿਚ ਮੀਟਿੰਗਾ ਕਰਕੇ ਕਿਸਾਨਾ-ਮਜਦੂਰਾ ਨੂੰ ਲਾਮਵੰਦ ਕੀਤਾ ਜਾ ਰਿਹਾ ਹੈ।ਉਨ੍ਹਾ ਕਿਹਾ ਕਿ ਇਹ ਰੋਸ ਰੈਲੀ 29 ਮਈ ਨੂੰ ਸਵੇਰੇ ਦਸ ਵਜੇ ਤੋ ਲੈ ਕੇ ਤਿੰਨ ਚਾਰ ਵਜੇ ਤੱਕ ਚੱਲੇਗੀ ਅਤੇ ਸਮੂਹ ਪੰਜਾਬ ਵਾਸੀਆ ਨੂੰ ਬੇਨਤੀ ਹੈ ਕਿ ਇਸ ਰੋਸ ਰੈਲੀ ਦਾ ਹਿੱਸਾ ਬਣੋ।ਇਸ ਮੌਕੇ ਕਾਮ-ਰੇਡ ਪਾਲ ਸਿੰਘ ਭੰਮੀਪੁਰਾ ਨੇ ਮੀਟਿੰਗ ਵਿਚ ਪਹੁੰਚੇ ਆਗੂਆ ਅਤੇ ਵਰਕਰਾ ਦਾ ਧੰਨਵਾਦ ਕੀਤਾ।ਇਸ ਮੌਕੇ ਕਾਮਰੇਡ ਮੁਖਤਿਆਰ ਸਿੰਘ ਢੋਲਣ,ਕਾਮਰੇਡ ਪਾਲ ਸਿੰਘ ਭੰਮੀਪੁਰਾ,ਜਿਲ੍ਹਾ ਕਮੇਟੀ ਮੈਬਰ ਬੂਟਾ ਸਿੰਘ ਹਾਂਸ, ਪ੍ਰਧਾਨ ਮਲਕੀਤ ਸਿੰਘ ਧਾਲੀਵਾਲ,ਡਾ:ਜਗਜੀਤ ਸਿੰਘ ਡਾਗੀਆ,ਡਾ:ਕਰਮਜੀਤ ਸਿੰਘ ਢੋਲਣ,ਚਰਨ ਸਿੰਘ ਕਾਉਕੇਂ ਕਲਾਂ,ਸਰਬਜੀਤ ਸਿੰਘ ਕਾਉਕੇ,ਸੁਰਜੀਤ ਸਿੰਘ,ਜਸਵੰਤ ਸਿੰਘ ਕਾਉਕੇ,ਹਰਦੀਪ ਕੌਸ਼ਲ ਮੱਲ੍ਹਾ,ਲਖਵੀਰ ਸਿੰਘ ਮੱਲ੍ਹਾ,ਕਾਮਰੇਡ ਚਿਮਨ ਲਾਲ, ਦੀਪਾ ਸਿੰਘ ਭੰਮੀਪੁਰਾ ਹਾਜ਼ਰ ਸਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਜ਼ਿਲ੍ਹਾ ਮੈਜਿਸਟਰੇਟ ਨੇ ਚੋਣਾਂ ਵਾਲੇ ਦਿਨ 26 ਮਈ ਨੂੰ ਪੋਲਿੰਗ ਬੂਥਾਂ ਦੇ 200 ਮੀਟਰ ਦੇ ਘੇਰੇ ਅੰਦਰ ਲਗਾਈ ਪਾਬੰਦੀ

**ਨਵਾਂਸ਼ਹਿਰ, 25 ਮਈ(ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਮੈਜਿਸਟਰੇਟ ਗੁਲਪ੍ਰੀਤ ਸਿੰਘ ਔਲਖ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੁਕਮ ਜਾਰੀ ਕੀਤਾ ਹੈ ਕਿ ਰਾਜ ਚੋਣ ਕਮਿਸ਼ਨ, ਪੰਜਾਬ ਵੱਲੋਂ ਜਾਰੀ ਸਟੈਂਡਰਡ ਓਪਰੇਟਿੰਗ ਪ੍ਰੋਸੀਜਰ ਤਹਿਤ ਚੋਣ ਪ੍ਰਕਿਰਿਆ ਨੂੰ ਸ਼ਾਂਤਮਈ ਤਰੀਕੇ ਨਾਲ, ਨਿਰਵਿਘਨ ਕਰਵਾਉਣ ਅਤੇ ਅਮਨ ਕਾਨੂੰਨ ਦੀ ਵਿਵਸਥਾ ਬਣਾਈ ਰੱਖਣ ਲਈ, ਚੋਣਾਂ ਵਾਲੇ ਦਿਨ ਮਿਤੀ 26.05.2026 ਨੂੰ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅੰਦਰ ਬਣੇ ਪੋਲਿੰਗ ਬੂਥਾਂ ਦੇ 200 ਮੀਟਰ ਦੇ ਘੇਰੇ ਅੰਦਰ ਪੋਲਿੰਗ ਬੂਥਾਂ ਜਾਂ ਜਨਤਕ/ਨਿੱਜੀ ਜਗ੍ਹਾ ਤੇ ਕਿਸੇ ਵੀ ਉਮੀਦਵਾਰ ਜਾਂ ਉਸ ਦੇ ਸਮਰਥਕ ਵੱਲੋਂ ਪ੍ਰਚਾਰ ਨਹੀਂ ਕੀਤਾ। ਜਾਵੇਗਾ। ਕਿਸੇ ਵੀ ਵਿਅਕਤੀ ਵੱਲੋਂ ਪੋਲਿੰਗ ਬੂਥਾਂ ਦੇ ਨਜ਼ਦੀਕ ਸ਼ੋਰ/ਸ਼ਰਾਬਾ, ਹੁੱਲੜਬਾਜੀ ਨਹੀਂ ਕੀਤੀ



ਜਾਵੇਗੀ। ਜ਼ਿਲ੍ਹਾ ਮੈਜਿਸਟਰੇਟ ਨੇ ਆਪਣੇ ਹੁਕਮ ਵਿੱਚ ਸਪੱਸ਼ਟ ਕੀਤਾ ਹੈ ਕਿ ਕਿਸੇ ਵੀ ਵਿਅਕਤੀ ਵੱਲੋਂ ਪੋਲਿੰਗ ਬੂਥਾਂ ਦੇ 200 ਮੀਟਰ ਦੇ ਘੇਰੇ ਅੰਦਰ ਸੈਲੂਲਰ ਫੋਨ/ਕੋਰਡਲੈੱਸ ਫੋਨੇ ਵਾਇਰਲੈਸ ਸੈਟ/ਲਾਊਡ ਸਪੀਕਰ/ਮੈਗਾਫੋਨ ਆਦਿ ਦੀ ਵਰਤੋਂ ਨਹੀਂ ਕੀਤੀ ਜਾਵੇਗੀ। ਇਹ ਹੁਕਮ ਚੋਣ ਡਿਊਟੀ ਤੇ ਤਾਇਨਾਤ ਹੋਏ ਅਬਜ਼ਰਵਰ, ਪ੍ਰਸ਼ਾਸਨਿਕ, ਪੁਲਿਸ ਅਧਿਕਾਰੀ, ਡਿਊਟੀ ਤੇ ਤਾਇਨਾਤ ਸੁਰੱਖਿਆ ਕਰਮਚਾਰੀਆਂ, ਪੋਲਿੰਗ/ਕਾਊਟਿੰਗ ਨਾਲ ਸਬੰਧਤ ਸਰਕਾਰੀ ਕਰਮਚਾਰੀਆਂ ਤੇ ਲਾਗੂ ਨਹੀਂ ਹੋਵੇਗਾ। ਪ੍ਰਚਾਰ ਨਾਲ ਸਬੰਧਤ ਕਿਸੇ ਵੀ ਕਿਸਮ ਦਾ ਪੋਸਟਰ/ਬੈਨਰ ਨਹੀਂ ਲਗਾਇਆ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਆਪਣੇ ਹੁਕਮ ਵਿੱਚ ਦੱਸਿਆ ਹੈ ਕਿ ਕੋਈ ਵੀ ਰਾਜਨੀਤਿਕ ਪਾਰਟੀ, ਚੋਣ ਲੜ ਰਿਹਾ ਉਮੀਦਵਾਰ ਪੋਲਿੰਗ ਬੂਥ ਦੇ 200 ਮੀਟਰ ਦੇ ਘੇਰੇ ਅੰਦਰ ਆਪਣਾ ਪੋਲਿੰਗ ਬੂਥ/ਟੈਂਟ ਨਹੀਂ ਲਗਾਏਗਾ। ਕੋਈ ਵੀ ਵਿਅਕਤੀ, ਸਿਵਾਏ ਰਾਜ ਚੋਣ ਕਮਿਸ਼ਨ, ਪੰਜਾਬ, ਅਬਜਰਵਰ, ਚੋਣਾਂ, ਜਿਲ੍ਹਾ ਚੋਣਕਾਰ ਅਫਸਰ, ਸ਼ਹੀਦ ਭਗਤ ਸਿੰਘ ਨਗਰ ਜਾਂ ਰਿਟਰਨਿੰਗ ਅਫਸਰ, ਨਗਰ ਕੌਂਸਲ ਨਵਾਂਸ਼ਹਿਰ/ਬੰਗਾ/ਰਾਹੋਂ ਵੱਲੋਂ ਅਧਿਕਾਰਿਤ ਵਿਅਕਤੀ, ਕਿਸੇ ਵੀ ਪੋਲਿੰਗ ਬੂਥ ਦੇ 200 ਮੀਟਰ ਦੇ ਘੇਰੇ ਅੰਦਰ ਆਪਣਾ ਪ੍ਰਾਈਵੇਟ ਵਹੀਕਲ ਨਹੀਂ ਲਿਜਾਏਗਾ। ਸੀਨੀਅਰ ਕਪਤਾਨ ਪੁਲਿਸ, ਸ਼ਹੀਦ ਭਗਤ ਸਿੰਘ ਨਗਰ ਅਤੇ ਰਿਟਰਨਿੰਗ ਅਫਸਰ ਚੋਣਾਂ, ਨਗਰ ਕੌਂਸਲ ਨਵਾਂਸ਼ਹਿਰ/ਬੰਗਾ/ਰਾਹੋਂ, ਇਸ ਹੁਕਮ ਦੀ ਇੰਨ-ਬਿੰਨ ਪਾਲਣਾ ਕਰਵਾਉਣ ਲਈ ਜ਼ਿੰਮੇਵਾਰ ਹੋਣਗੇ।

# ਅੰਮ੍ਰਿਤਸਰ 'ਚ ਡਿਊਟੀ 'ਤੇ ਜਾ ਰਹੇ ਏ.ਐੱਸ.ਆਈ. ਦਾ ਸ਼ਰੇਆਮ ਕਤਲ ਮੌਜੂਦਾ ਸਰਕਾਰ ਦੀ ਨਾਕਾਮੀ ਦਾ ਪ੍ਰਤੱਖ ਪ੍ਰਮਾਣ: ਡਾ. ਅਵਤਾਰ ਸਿੰਘ ਕਰੀਮਪੁਰੀ

**ਚੰਡੀਗੜ੍ਹ/ਜਲੰਧਰ(ਚਰਨਜੀਤ ਸੱਲ੍ਹਾ )** ਬਹੁਜਨ ਸਮਾਜ ਪਾਰਟੀ (ਬਸਪਾ) ਪੰਜਾਬ ਦੇ ਸੂਬਾ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਅੰਮ੍ਰਿਤਸਰ ਦੇ ਮਜੀਠਾ ਹਲਕੇ ਵਿੱਚ ਡਿਊਟੀ 'ਤੇ ਜਾ ਰਹੇ ਪੁਲਿਸ ਦੇ ਸਹਾਇਕ ਸਬ-ਇੰਸਪੈਕਟਰ (ਅਸ਼ੀ) ਜੋਗਾ ਸਿੰਘ ਦੇ ਹਥਿਆਰਬੰਦ ਹਮਲਾਵਰਾਂ ਵੱਲੋਂ ਕੀਤੇ ਗਏ ਸ਼ਰੇਆਮ ਕਤਲ 'ਤੇ ਡੂੰਘੇ ਦੁੱਖ ਅਤੇ ਰੋਸ ਦਾ ਪ੍ਰਗਟਾਵਾ ਕੀਤਾ ਹੈ। ਇਸ ਖ਼ੌਫ਼ਨਾਕ ਘਟਨਾ ਨੂੰ ਲੈ ਕੇ ਡਾ. ਕਰੀਮਪੁਰੀ ਨੇ ਮੌਜੂਦਾ ਪੰਜਾਬ ਸਰਕਾਰ ਦੀ 'ਆਊਟ ਆਫ਼ ਕੰਟਰੋਲ' ਹੋ ਚੁੱਕੀ ਕਾਨੂੰਨ ਵਿਵਸਥਾ (ਲ਼ਓ ਓਨਦ ੋਰਦਏਰ) 'ਤੇ ਤਿੱਖੇ ਸਵਾਲ ਖੜ੍ਹੇ ਕੀਤੇ ਹਨ। ਡਾ. ਕਰੀਮਪੁਰੀ ਨੇ ਸੂਬਾ ਸਰਕਾਰ ਨੂੰ ਸਮੁੱਚੇ ਰੂਪ ਵਿੱਚ ਫੇਲ੍ਹ ਕਰਾਰ ਦਿੰਦਿਆਂ ਕਿਹਾ, "ਜਿਸ ਸੂਬੇ ਵਿੱਚ ਅਮਨ-ਕਾਨੂੰਨ ਦੀ ਰਾਖੀ ਕਰਨ ਵਾਲੀ ਪੁਲਿਸ ਦੇ ਆਪਣੇ ਜਵਾਨ ਹੀ ਸੁਰੱਖਿਅਤ ਨਹੀਂ ਹਨ, ਉੱਥੇ ਆਮ ਜਨਤਾ ਦੀ ਸੁਰੱਖਿਆ ਦੀ ਉਮੀਦ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ? ਦਿਨ-ਦਿਹੜੇ ਹਥਿਆਰਬੰਦ ਬਦਮਾਸ਼ਾਂ ਵੱਲੋਂ ਮੋਟਰਸਾਈਕਲ 'ਤੇ ਆ ਕੇ ਇੱਕ ਪੁਲਿਸ ਅਫ਼ਸਰ ਨੂੰ ਗੋਲੀਆਂ ਨਾਲ ਭੁੰਨ ਦੇਣਾ ਇਹ ਸਾਬਤ ਕਰਦਾ ਹੈ ਕਿ ਪੰਜਾਬ ਵਿੱਚ ਅਪਰਾਧੀਆਂ ਦੇ



ਮਨਾਂ 'ਚੋਂ ਸਰਕਾਰ ਅਤੇ ਕਾਨੂੰਨ ਦਾ ਡਰ ਪੂਰੀ ਤਰ੍ਹਾਂ ਖ਼ਤਮ ਹੋ ਚੁੱਕਾ ਹੈ।"

ਬਸਪਾ ਪ੍ਰਧਾਨ ਨੇ ਕਿਹਾ ਕਿ ਪਿਛਲੇ ਕੁਝ ਮਹੀਨਿਆਂ ਤੋਂ ਸਰਹੱਦੀ ਜ਼ਿਲ੍ਹਿਆਂ ਵਿੱਚ ਟਾਰਗੇਟ ਕਿਲਿੰਗ (ਲੈ ਕੇ ਮਾਰਨ) ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ, ਪਰ ਸਰਕਾਰ ਸਿਰਫ਼ ਇਸ਼ਤਿਹਾਰਬਾਜ਼ੀ ਅਤੇ ਸਿਆਸੀ ਡਰਾਮੇਬਾਜ਼ੀ ਵਿੱਚ ਮਸਤ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਸਮਾਂ ਰਹਿੰਦੇ ਅਜਿਹੀਆਂ ਦੇਸ਼-ਵਿਰੋਧੀ ਅਤੇ ਅਪਰਾਧਿਕ ਗਤੀਵਿਧੀਆਂ ਨੂੰ ਸਖ਼ਤੀ ਨਾਲ ਨਾ ਨੱਥ ਪਾਈ ਗਈ, ਤਾਂ ਪੰਜਾਬ ਇੱਕ ਵਾਰ ਫਿਰ ਕਾਲੇ ਦੌਰ ਵੱਲ ਧੱਕਿਆ ਜਾਵੇਗਾ, ਜਿਸ ਦੀ ਪੂਰੀ ਜ਼ਿੰਮੇਵਾਰੀ ਮੌਜੂਦਾ ਨਾਕਾਮ ਸਰਕਾਰ ਦੀ ਹੋਵੇਗੀ।

**ਬਸਪਾ ਵੱਲੋਂ ਮੁੱਖ ਮੰਗਾਂ:**

**ਵਿੱਤੀ ਸਹਾਇਤਾ ਅਤੇ ਨੌਕਰੀ:** ਸ਼ਹੀਦ ਏ.ਐੱਸ.ਆਈ. ਜੋਗਾ ਸਿੰਘ ਦੇ ਪੀੜਤ ਪਰਿਵਾਰ ਨੂੰ ਤੁਰੰਤ 1 ਕਰੋੜ ਰੁਪਏ ਦੀ ਆਰਥਿਕ ਸਹਾਇਤਾ (ਕੰਪਨਸੇਸ਼ਨ) ਦਿੱਤੀ ਜਾਵੇ ਅਤੇ ਪਰਿਵਾਰ ਦੇ ਇੱਕ ਯੋਗ ਮੈਂਬਰ ਨੂੰ ਸਰਕਾਰੀ ਨੌਕਰੀ ਮੁਹੱਈਆ ਕਰਵਾਈ ਜਾਵੇ।

ਦੋਸ਼ੀਆਂ ਦੀ ਤੁਰੰਤ ਗ੍ਰਿਫ਼ਤਾਰੀ: ਇਸ ਕਤਲਕਾਂਡ ਦੇ ਪਿੱਛੇ ਮੌਜੂਦ ਸਾਰੇ ਅਪਰਾਧੀਆਂ ਅਤੇ ਦੇਸ਼-ਵਿਰੋਧੀ ਤਾਕਤਾਂ ਦਾ ਪਰਦਾਫਾਸ਼ ਕਰਕੇ ਉਨ੍ਹਾਂ ਨੂੰ ਫ਼ਾਸਟ ਟ੍ਰੈਕ ਅਦਾਲਤ ਰਾਹੀਂ ਫਾਂਸੀ ਦੀ ਸਜ਼ਾ ਦਿਵਾਈ ਜਾਵੇ।

**'ਪੰਜਾਬ ਸੰਭਾਲੋ ਮੁਹਿੰਮ' ਨਾਲ ਜੁੜਨ ਦਾ ਸੱਦਾ:** ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਸਮੂਹ ਪੰਜਾਬੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਆਪਣੇ ਸੂਬੇ ਦੀ ਅਮਨ-ਸ਼ਾਂਤੀ ਅਤੇ ਨੌਜਵਾਨੀ ਦੇ ਭਵਿੱਖ ਲਈ ਖੁਦ ਅੱਗੇ ਆਈਏ। ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਬਹੁਜਨ ਸਮਾਜ ਪਾਰਟੀ ਵੱਲੋਂ ਵਿੱਢੀ ਗਈ "ਪੰਜਾਬ ਸੰਭਾਲੋ ਮੁਹਿੰਮ" ਨਾਲ ਵੱਧ ਚੜ੍ਹ ਕੇ ਜੁੜਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਇਸ ਭਿਆਨਕ ਸਥਿਤੀ ਅਤੇ ਗੁੰਡਾਰਾਜ ਵਿੱਚੋਂ ਕੱਢਣ ਲਈ ਸਿਰਫ਼ ਬਸਪਾ ਦੀਆਂ ਲੋਕ-ਪੱਖੀ ਨੀਤੀਆਂ ਅਤੇ ਇੱਕ ਮਜ਼ਬੂਤ ਸਿਆਸੀ ਬਦਲਾਅ ਹੀ ਇੱਕਮਾਤਰ ਰਾਹ ਹੈ।

# ਹਲਕਾ ਦੱਖਣੀ ਵਿੱਚ "ਭਾਰਤ ਦੇ ਨਿਰਮਾਤਾ ਪੰਡਿਤ ਜਵਾਹਰ ਲਾਲ ਨਹਿਰੂ" ਵਿਸ਼ੇ 'ਤੇ ਉਹਨਾਂ ਦੀ 62ਵੀਂ ਬਰਸੀ 'ਤੇ 27 ਮਈ ਨੂੰ ਹੋਵੇਗੀ ਵਿਸ਼ੇਸ਼ ਵਿਚਾਰ ਗੋਸ਼ਟੀ- ਬਾਵਾ

## ਭਾਰਤ ਦੇ ਮਹਾਨ ਸਪੂਤ ਆਜ਼ਾਦੀ ਸੰਗਰਾਮ ਦੇ ਹੀਰੋ ਕਰਤਾਰ ਸਿੰਘ ਸਰਾਭਾ ਨੂੰ ਵੀ ਕਾਂਗਰਸੀ ਵਰਕਰਾਂ ਨੇ ਉਹਨਾਂ ਦੇ ਜਨਮ-ਦਿਨ 'ਤੇ ਕੀਤਾ ਯਾਦ







**ਲੁਧਿਆਣਾ 25 ਮਈ (ਕਰਨੈਲ ਸਿੰਘ ਐੱਮ.ਏ.)**- ਹਲਕਾ ਦੱਖਣੀ ਵਿੱਚ ਸਿਮਰਨ ਪੈਲੇਸ ਲੁਹਾਰਾ ਪੁਲ 'ਤੇ ਕਾਂਗਰਸ ਪਾਰਟੀ ਦੇ (ਓ.ਬੀ.ਸੀ.) ਵਿਭਾਗ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਅਹੁਦੇਦਾਰਾਂ ਦੀ ਮੀਟਿੰਗ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਕੋਆਰਡੀਨੇਟਰ ਕੁੱਲ ਹਿੰਦ ਕਾਂਗਰਸ (ਓ.ਬੀ.ਸੀ.) ਇੰਚਾਰਜ ਹਿਮਾਚਲ ਪ੍ਰਦੇਸ਼ ਸਾਬਕਾ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਜਨਰਲ ਸਕੱਤਰ ਪ੍ਰਦੇਸ਼ ਕਾਂਗਰਸ (ਓ.ਬੀ.ਸੀ.) ਗੁਰਨਾਮ ਸਿੰਘ ਕਲੇਰ, ਜ਼ਿਲ੍ਹਾ ਕਾਂਗਰਸ (ਓ.ਬੀ.ਸੀ.) ਦੇ ਪ੍ਰਧਾਨ ਵਰਿੰਦਰ ਭੱਲਾ, ਜਨਰਲ ਸਕੱਤਰ ਜ਼ਿਲ੍ਹਾ ਕਾਂਗਰਸ ਮਾਸਟਰ ਹਰੀਦੇਵ ਬਾਵਾ, ਕੈਪਟਨ ਮਲਕੀਤ ਸਿੰਘ ਵਾਲੀਆ, ਅਮਿਤ ਕੁਮਾਰ, ਮਹਿਲਾ ਨੇਤਾ ਬੀਬੀ ਮਨਜੀਤ ਕੌਰ, ਡਾ: ਪਰਮਜੀਤ ਸਿੰਘ ਸਰੋਏ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਸਮੇਂ ਬਾਵਾ ਨੇ ਬੋਲਦਿਆਂ ਹੋਇਆਂ ਕਿਹਾ ਕਿ "ਭਾਰਤ ਦੇ ਨਿਰਮਾਤਾ ਪੰਡਿਤ ਜਵਾਹਰ ਲਾਲ ਨਹਿਰੂ" ਵਿਸ਼ੇ 'ਤੇ ਉਹਨਾਂ ਦੀ 62ਵੀਂ ਬਰਸੀ 'ਤੇ 27 ਮਈ ਨੂੰ ਵਿਸ਼ੇਸ਼ ਵਿਚਾਰ ਗੋਸ਼ਟੀ ਹੋਵੇਗੀ। ਉਹਨਾਂ ਕਿਹਾ ਕਿ ਨਹਿਰੂ ਜੀ ਨੇ ਭਾਰਤ ਨੂੰ ਸਨਅਤ, ਖੇਤੀ, ਵਿੱਦਿਆ, ਮੈਡੀਕਲ ਅਤੇ ਸਪੋਰਟਸ ਦੇ ਖੇਤਰ ਵਿੱਚ ਦੁਨੀਆ ਦੇ ਹਾਣ ਦਾ ਦੇਸ਼ ਬਣਾਇਆ। ਉਹਨਾਂ ਦੀ ਹੀ ਦੇਣ ਹੈ ਕਿ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਜੋ ਯੂਨੀਵਰਸਿਟੀ ਬਣਨ ਨਾਲ ਆਧੁਨਿਕ ਬੀਜ ਆਉਣ 'ਤੇ ਕਣਕ ਦਾ ਉਤਪਾਦਨ 3 ਕੁਇੰਟਲ ਤੋਂ ਵੱਧ ਕੇ 25 ਕੁਇੰਟਲ ਪ੍ਰਤੀ ਏਕੜ ਹੋਇਆ ਅਤੇ ਭਾਖੜਾ ਡੈਮ ਬਣਾਉਣ ਨਾਲ ਘਰਾਂ ਅੰਦਰ ਰੌਸ਼ਨੀ ਆਈ, ਇੰਡਸਟਰੀ ਚੱਲੀ, ਬਿਜਲੀ ਦੀਆਂ ਮੋਟਰਾਂ ਖੇਤਾਂ ਨੂੰ ਪਾਣੀ ਦੇਣ ਲਈ ਚੱਲੀਆਂ। ਇਸ ਸਮੇਂ ਬੋਲਦੇ ਗੁਰਨਾਮ ਸਿੰਘ ਕਲੇਰ ਜਨਰਲ ਸਕੱਤਰ ਅਤੇ ਕਨਵੀਨਰ ਦੇਸ਼ ਭਗਤ ਯਾਦਗਾਰੀ ਸੁਸਾਇਟੀ ਪੰਜਾਬ ਨੇ ਕਿਹਾ ਕਿ ਅੱਜ ਅਸੀਂ ਭਾਰਤ ਦੇ ਮਹਾਨ ਸਪੂਤ ਆਜ਼ਾਦੀ ਸੰਗਰਾਮ ਦੇ ਹੀਰੋ ਨੂੰ ਉਹਨਾਂ ਦੇ ਜਨਮ-ਦਿਨ 'ਤੇ ਯਾਦ ਕਰਦੇ ਹੋਏ ਸ਼ਰਧਾ ਸਤਿਕਾਰ ਭੇਂਟ ਕਰਦੇ ਹਾਂ। ਇਸ ਸਮੇਂ ਮੈਨੇਜਰ ਰਾਮਪ-ਾਲ, ਸੁਖਰਾਮ ਸਿੰਘ, ਪਰਮਜੀਤ ਸਿੰਘ, ਗੋਬਿੰਦ ਰਾਮ ਸ਼ਰਮਾ, ਪ੍ਰਧਾਨ ਅਮਿਤ ਕੁਮਾਰ, ਹਰਸ਼ ਕੁਮਾਰ, ਜਗਦੇਵ ਸਿੰਘ ਜੱਗਾ, ਰਾਕੇਸ਼ ਕੁਮਾਰ, ਮਿਥਲੇਸ਼ ਤਿਵਾੜੀ, ਕੇ.ਕੇ ਮਿਸ਼ਰਾ, ਪਰਮਜੀਤ ਸਿੰਘ ਨਾਰੂ, ਐਕਸ ਕਰਨਲ ਨਵੀਨ ਸ਼ਰਮਾ ਆਦਿ ਵਿਸ਼ੇਸ਼ ਰੂਪ ਵਿੱਚ ਹਾਜ਼ਰ ਸਨ।

# ਐਸ.ਬੀ.ਐਸ. ਨਗਰ ਵਿੱਚ ਨਗਰ ਕੌਂਸਲ ਚੋਣਾਂ ਦੇ ਸੁਚਾਰੂ ਸੰਚਾਲਨ ਲਈ 69 ਪੋਲਿੰਗ ਪਾਰਟੀਆਂ ਰਵਾਨਾ

## ਬੰਗਾ, ਨਵਾਂਸ਼ਹਿਰ ਅਤੇ ਰਾਹੋਂ ਦੀਆਂ 45 ਵਾਰਡਾਂ ਵਿੱਚ 64,232 ਵੋਟਰ ਕਰਨਗੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ









**ਸ਼ਹੀਦ ਭਗਤ ਸਿੰਘ ਨਗਰ, 25 ਮਈ (ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹੇ ਵਿੱਚ 26 ਮਈ ਨੂੰ ਹੋਣ ਜਾ ਰਹੀਆਂ ਨਗਰ ਕੌਂਸਲ ਚੋਣਾਂ ਨੂੰ ਸੁਚਾਰੂ, ਸੁਤੰਤਰ ਅਤੇ ਨਿਰਪੱਖ ਢੰਗ ਨਾਲ ਨੇਪਰੇ ਚਾੜ੍ਹਨ ਲਈ ਅੱਜ ਵੱਖ-ਵੱਖ ਕੇਂਦਰਾਂ ਤੋਂ 69 ਪੋਲਿੰਗ ਪਾਰਟੀਆਂ ਰਵਾਨਾ ਕੀਤੀਆਂ ਗਈਆਂ। ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਗੁਲਪ੍ਰੀਤ ਸਿੰਘ ਔਲਖ ਨੇ ਡਿਸਪੈਚ ਪ੍ਰਕਿਰਿਆ ਦਾ ਜਾਇਜ਼ਾ ਲੈਂਦਿਆਂ ਪੋਲਿੰਗ ਅਮਲੇ ਨੂੰ ਆਪਣੀਆਂ ਡਿਊਟੀਆਂ ਪੂਰੀ ਇਮਾਨਦਾਰੀ ਅਤੇ ਨਿਰਪੱਖਤਾ ਨਾਲ ਨਿਭਾਉਣ ਦੇ ਨਿਰਦੇਸ਼ ਦਿੱਤੇ। ਵੇਰਵਾ ਦਿੰਦਿਆਂ ਸ਼੍ਰੀ ਔਲਖ ਨੇ ਦੱਸਿਆ ਕਿ ਹਰੇਕ ਪੋਲਿੰਗ ਪਾਰਟੀ ਵਿੱਚ ਇੱਕ ਪ੍ਰੀਜ਼ਾਈਡਿੰਗ ਅਫ਼ਸਰ (ਪੀ.ਆਰ.ਓ.), ਇੱਕ ਸਹਾਇਕ ਪ੍ਰੀਜ਼ਾਈਡਿੰਗ ਅਫ਼ਸਰ (ਏ.ਪੀ.ਆਰ.ਓ.) ਅਤੇ ਤਿੰਨ ਪੋਲਿੰਗ ਅਫ਼ਸਰ (ਪੀ.ਓ.) ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਨਗਰ ਕੌਂਸਲ ਬੰਗਾ, ਨਵਾਂਸ਼ਹਿਰ ਅਤੇ ਰਾਹੋਂ ਵਿੱਚ ਕੁੱਲ 69 ਪੋਲਿੰਗ ਸਟੇਸ਼ਨ ਸਥਾਪਤ ਕੀਤੇ ਗਏ ਹਨ, ਜਿੱਥੇ 26 ਮਈ ਨੂੰ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਵੋਟਾਂ ਪੈਣਗੀਆਂ। ਉਨ੍ਹਾਂ ਕਿਹਾ ਕਿ ਸ਼ਾਂਤੀਪੂਰਨ ਚੋਣਾਂ ਨੂੰ ਯਕੀਨੀ ਬਣਾਉਣ ਲਈ ਪੁਖ਼ਤਾ ਸੁਰੱਖਿਆ ਪ੍ਰਬੰਧ ਵੀ ਕੀਤੇ ਗਏ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਚੋਣਾਂ ਵਿੱਚ 64,232 ਵੋਟਰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨਗੇ, ਜਿਨ੍ਹਾਂ ਵਿੱਚ 32,341 ਪੁਰਸ਼, 31,881 ਮਹਿਲਾ ਅਤੇ 10 ਹੋਰ ਵੋਟਰ ਸ਼ਾਮਲ ਹਨ। ਕੁੱਲ ਵੋਟਰਾਂ ਵਿੱਚੋਂ ਬੰਗਾ ਵਿੱਚ 15,832, ਨਵਾਂਸ਼ਹਿਰ ਵਿੱਚ 36,985 ਅਤੇ ਰਾਹੋਂ ਵਿੱਚ 11,415 ਵੋਟਰ ਹਨ। ਸ਼੍ਰੀ ਔਲਖ ਨੇ ਅੱਗੇ ਦੱਸਿਆ ਕਿ ਤਿੰਨ ਨਗਰ ਕੌਂਸਲਾਂ ਦੀਆਂ 45 ਵਾਰਡਾਂ ਲਈ ਕੁੱਲ 148 ਉਮੀਦਵਾਰ ਚੋਣ ਮੈਦਾਨ ਵਿੱਚ ਹਨ। ਬੰਗਾ ਦੀਆਂ 15 ਵਾਰਡਾਂ ਲਈ 52, ਨਵਾਂਸ਼ਹਿਰ ਦੀਆਂ 19 ਵਾਰਡਾਂ ਲਈ 70 ਅਤੇ ਰਾਹੋਂ ਦੀਆਂ 11 ਵਾਰਡਾਂ ਲਈ 26 ਉਮੀਦਵਾਰ ਚੋਣ ਲੜ ਰਹੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਚੋਣਾਂ ਦੇ ਸੁਚਾਰੂ ਸੰਚਾਲਨ ਲਈ ਰਿਜ਼ਰਵ ਸਟਾਫ਼ ਸਮੇਤ 533 ਚੋਣ ਅਮਲਾ ਤਾਇਨਾਤ ਕੀਤਾ ਗਿਆ ਹੈ, ਜਦਕਿ ਵੋਟਾਂ ਦੀ ਗਿਣਤੀ 29 ਮਈ ਨੂੰ ਹੋਵੇਗੀ। ਡਿਪਟੀ ਕਮਿਸ਼ਨਰ ਨੇ ਵੋਟਰਾਂ ਨੂੰ ਬਿਨ੍ਹਾਂ ਕਿਸੇ ਡਰ, ਭੈਅ ਜਾਂ ਲਾਲਚ ਦੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦੀ ਅਪੀਲ ਕੀਤੀ।

# ਖੇੜੀ-ਝਮੇੜੀ ਵਿਖੇ ਰਾਸ਼ਟਰੀ ਯੋਗਾ ਸਮਾਗਮ ਦਾ ਸ਼ਾਨਦਾਰ ਆਯੋਜਨ

## ਭਾਰਤ ਸਰਕਾਰ ਦੁਆਰਾ ਚੁਣੇ 100 ਖੇਤਰਾਂ ਵਿੱਚ ਸਕੂਲ ਸ਼ਾਮਿਲ








**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਰਿਸ਼ੀ ਮੁਨੀਆਂ ਦੀ ਵਿੱਦਿਆ ਯੋਗ ਦੇ ਲਾਭ ਨੂੰ ਦੇਖਦੇ ਹੋਏ ਤੰਦਰੁਸਤ ਸਮਾਜ ਦੇ ਨਿਰਮਾਣ ਲਈ ਹਰ ਘਰ ਅਤੇ ਹਰ ਜਨ ਤੱਕ ਯੋਗ ਪਹੁੰਚਾਉਣ ਲਈ ਮੋਰਾਰ ਜੀ ਦੇਸਾਈ ਰਾਸ਼ਟਰੀ ਯੋਗ ਸੰਸਥਾਨ ਦੀ ਅਗਵਾਈ ਹੇਠ ਅੰਤਰਰਾਸ਼ਟਰੀ ਯੋਗ ਦਿਵਸ ਤੋਂ 100 ਦਿਨ ਪਹਿਲਾਂ 13 ਮਾਰਚ 2026 ਨੂੰ ਵਿਗਿਆਨ ਭਵਨ ਨਵੀਂ ਦਿੱਲੀ ਵਿੱਚ ਆਯੂਸ਼ ਮੰਤਰੀ ਭਾਰਤ ਸਰਕਾਰ ਦੁਆਰਾ ਦੇਸ਼ ਦੇ ਵੱਖ-ਵੱਖ 100 ਖੇਤਰਾਂ ਵਿੱਚ 100 ਯੋਗ ਮਹਾਂਉਤਸਵ 2026 ਦੀ ਘੋਸ਼ਣਾ ਕੀਤੀ ਗਈ ਸੀ। ਇਸ ਤਹਿਤ ਅਰਚਨਾ ਯੋਗਾਯਤਨ ਨਵੀਂ ਦਿੱਲੀ ਵੱਲੋਂ ਯੋਗਾ ਗੁਰੂ ਸ਼੍ਰੀ ਸੱਤਿਆ ਨਰਾਇਣ ਯਾਦਵ ਦੀ ਅਗਵਾਈ ਵਿੱਚ 28ਵਾਂ ਯੋਗ ਮਹਾਂਉਤਸਵ 2026 ਸਰਕਾਰੀ ਹਾਈ ਸਕੂਲ ਖੇੜੀ ਝਮੇੜੀ ਲੁਧਿਆਣਾ ਵਿਖੇ ਆਯੋਜਿਤ ਕੀਤਾ ਗਿਆ। ਇਸ ਵਰ੍ਹੇ ਇਸ ਦੇ ਅੰਤਰਗਤ ਕਰਵਾਏ ਯੋਗ ਸਮਾਗਮ ਵਿੱਚ ਵਿਦਿਆਰਥੀਆਂ, ਸਕੂਲ ਅਧਿਆਪਕਾਂ, ਉਹਨਾਂ ਦੇ ਮਾਪਿਆਂ, ਸਰਪੰਚਾਂ, ਪੰਚਾਇਤ ਮੈਂਬਰਾਂ, ਪਿੰਡਾਂ ਦੇ ਹੋਰ ਅਨੇਕਾਂ ਲੋਕਾਂ ਨੇ ਸ਼ਿਰਕਤ ਕੀਤੀ। ਨੈਸ਼ਨਲ ਅਵਾਰਡੀ ਅਧਿਆਪਕ ਕਰਮਜੀਤ ਸਿੰਘ ਗਰੇਵਾਲ ਨੇ ਮੰਚ ਸੰਚਾਲਨ ਕਰਦਿਆਂ ਸ਼ਮੂਲੀਅਤ ਕਰਨ ਵਾਲਿਆਂ ਨੂੰ ਜੀ ਆਇਆਂ ਆਖਿਆ। ਸਕੂਲ ਦੇ ਮੁੱਖ ਅਧਿਆਪਕ ਸ੍ਰ: ਗੁਰਦਰਸ਼ਨ ਸਿੰਘ ਨੇ ਸਰਕਾਰੀ ਹਾਈ ਸਕੂਲ ਖੇੜੀ ਝਮੇੜੀ ਵਿਖੇ ਕਰਵਾਏ ਆਯੋਜਨ ਲਈ ਸ਼੍ਰੀ ਸੱਤਿਆ ਨਰਾਇਣ ਯਾਦਵ ਜੀ ਦਾ ਧੰਨਵਾਦ ਕੀਤਾ। ਸਭ ਤੋਂ ਪਹਿਲਾਂ ਸ਼ਮ੍ਹਾਂ ਰੌਸ਼ਨ ਕੀਤੀ । ਸਮਾਗਮ ਵਿੱਚ ਸ਼ਾਮਲ ਵਿਸ਼ੇਸ਼ ਸ਼ਖ਼ਸੀਅਤਾਂ ਨੂੰ ਸਵਾਗਤ ਦੇ ਨਾਲ-ਨਾਲ ਸਨਮਾਨ ਚਿੰਨ੍ਹ ਦਿੱਤੇ ਗਏ। ਯੋਗਾ ਸੰਬੰਧੀ ਪ੍ਰਸ਼ਨ ਪੁੱਛੇ ਗਏ ਜਿਨ੍ਹਾਂ ਦੇ ਜਵਾਬ ਦੇਣ ਵਾਲਿਆਂ ਨੂੰ ਬੈਗ ਇਨਾਮ ਵਜੋਂ ਦਿੱਤੇ ਗਏ। ਸ਼੍ਰੀ ਸੱਤਿਆ ਨਰਾਇਣ ਯਾਦਵ ਜੀ ਨੇ ਯੋਗ ਨਾਲ ਜੁੜ ਕੇ ਮਿਲਣ ਵਾਲੇ ਮਹੱਤਵ ਬਾਰੇ ਦੱਸਦਿਆਂ ਯੋਗਾ ਕਿਰਿਆਵਾਂ ਕਰਵਾਈਆਂ। ਯੋਗਾ ਸੈਸ਼ਨ ਤੋਂ ਬਾਅਦ ਪੁੰਗਰੀਆਂ ਦਾਲਾਂ ਅਤੇ ਫਲਾਂ ਵਾਲੇ ਵਿਸ਼ੇਸ਼ ਖਾਣੇ ਦਾ ਆਯੋਜਨ ਕੀਤਾ ਗਿਆ।ਵਿਸ਼ਾਲ ਯੋਗ ਆਯੋਜਨ ਵਿੱਚ ਭਾਗ ਲੈਣ ਵਾਲੇ ਲੋਕਾਂ ਨੇ ਉਹਨਾਂ ਦੀ ਬਹੁਤ ਸਰਾਹਨਾ ਕੀਤੀ।ਸ਼੍ਰੀ ਮੋਹਨ ਸਰੂਪ ਸੀਨੀਅਰ ਫੀਲਡ ਮੈਨੇਜਰ ਇਫਕੋ, ਸ੍ਰ: ਗੁਰਪ੍ਰੀਤ ਸਿੰਘ ਸੇਲਜ਼ ਮੈਨੇਜਰ ਇਫਕੋ, ਸਰਪੰਚ ਰਘਵੀਰ ਸਿੰਘ ਖੇੜੀ, ਸ੍ਰ: ਗੁਰਪਾਲ ਸਿੰਘ ਸਾਬਕਾ ਸਰਪੰਚ ਖੇੜੀ, ਗੁਰਪ੍ਰੀਤ ਸਿੰਘ ਗਰੇਵਾਲ, ਸ਼੍ਰੀ ਵਿਵੇਕ ਮੋਂਗਾ ਮੁੱਖ ਅਧਿਆਪਕ ਸਰਕਾਰੀ ਹਾਈ ਸਕੂਲ ਸਰਾਭਾ ਨਗਰ, ਸੋਮਾ ਖੇੜੀ, ਭੁਪਿੰਦਰ ਸਿੰਘ ਰਿੰਕੂ, ਸਕੂਲ ਸਟਾਫ਼ ਅਤੇ ਹੋਰ ਸ਼ਖ਼ਸੀਅਤਾਂ ਨੇ ਯੋਗ ਸੰਬੰਧੀ ਵਿਚਾਰ ਪੇਸ਼ ਕੀਤੇ ਅਤੇ ਭਰਪੂਰ ਆਨੰਦ ਮਾਣਿਆ।

# ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਵੱਲੋਂ ਡਿਪਟੀ ਕਮਿਸ਼ਨਰ ਦਾ ਕੀਤਾ ਵਿਸ਼ੇਸ਼ ਸਨਮਾਨ

**• ਡਿਪਟੀ ਕਮਿਸ਼ਨਰ ਨੇ ਹੁਸ਼ਿਆਰਪੁਰ ਜ਼ਿਲ੍ਹੇ ਦੀ ਤਰੱਕੀ ਲਈ ਮੀਡੀਆ ਦੇ ਸਹਿਯੋਗ ਨੂੰ ਬੇਹੱਦ ਅਹਿਮ ਦੱਸਿਆ • ਐਸੋਸੀਏਸ਼ਨ ਨੇ ਜ਼ਿਲ੍ਹਾ ਪ੍ਰਸਾਸ਼ਨ ਵੱਲੋਂ ਕੁੱਝ ਮੁੱਦਿਆਂ ਉੱਪਰ ਸਹਿਯੋਗ ਦੀ ਅਪੀਲ ਕੀਤੀ**

**ਹੁਸ਼ਿਆਰਪੁਰ,25 ਮਈ( ਤਰਸੇਮ ਦੀਵਾਨਾ )** ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ (ਰਜਿ.) ਪੰਜਾਬ, ਇੰਡੀਆ ਦੇ ਇੱਕ ਉੱਚ ਪੱਧਰੀ ਵਫ਼ਦ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਹੁਸ਼ਿਆਰਪੁਰ ਦੇ ਮਾਨਯੋਗ ਡਿਪਟੀ ਕਮਿਸ਼ਨਰ ਸ੍ਰੀਮਤੀ ਆਸ਼ਿਕਾ ਜੈਨ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਐਸੋਸੀਏਸ਼ਨ ਦੇ ਪੰਜਾਬ ਪ੍ਰਧਾਨ ਪ੍ਰਿੰ. ਬਲਵੀਰ ਸਿੰਘ ਸੈਣੀ, ਜੁਆਇੰਟ ਸਕੱਤਰ (ਇੰਡੀਆ) ਤਰਸੇਮ ਦੀਵਾਨਾ ਅਤੇ ਵਾਈਸ ਚੇਅਰਮੈਨ ਪੰਜਾਬ ਗੁਰਬਿੰਦਰ ਸਿੰਘ ਪਲਾਹਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ (ਰਜਿ.) ਪੰਜਾਬ, ਇੰਡੀਆ ਦੇ ਵਫ਼ਦ ਵੱਲੋਂ ਡਿਪਟੀ ਕਮਿਸ਼ਨਰ ਦਫ਼ਤਰ ਵਿਖੇ ਮੁਲਾਕਾਤ ਕਰਕੇ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਅਤੇ ਦੁਸ਼ਾਲਾ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸੇ ਦੌਰਾਨ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ (ਰਜਿ.) ਪੰਜਾਬ, ਇੰਡੀਆ ਦੇ ਅਹੁਦੇਦਾਰਾਂ ਨੇ ਡਿਪਟੀ ਕਮਿਸ਼ਨਰ ਸ੍ਰੀਮਤੀ ਆਸ਼ਿਕਾ ਜੈਨ ਆਈ ਏ ਐੱਸ ਨਾਲ ਮੁਲਾਕਾਤ ਦੌਰਾਨ



ਮੀਡੀਆ ਕਰਮੀਆਂ ਦੀ ਕਾਰਗੁਜ਼ਾਰੀ ਨੂੰ ਹੋਰ ਬੇਹਤਰ ਬਣਾਉਣ ਲਈ ਐਸੋਸੀਏਸ਼ਨ ਵੱਲੋਂ ਕਰਵਾਏ ਸੈਮੀਨਾਰ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਉਨ੍ਹਾਂ ਨੂੰ ਇਸ ਸੈਮੀਨਾਰ ਵਿੱਚੋਂ ਨਿਕਲ ਕੇ ਸਾਹਮਣੇ ਆਏ ਨੁਕਤਿਆਂ 'ਤੇ ਭਰਪੂਰ ਚਰਚਾ ਕੀਤੀ ਅਤੇ ਜ਼ਿਲ੍ਹਾ ਪ੍ਰਸਾਸ਼ਨ ਵੱਲੋਂ ਕੁੱਝ ਮੁੱਦਿਆਂ ਉੱਪਰ ਸਹਿਯੋਗ ਦੀ ਅਪੀਲ ਕੀਤੀ ਙ ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਸੋਸੀਏਸ਼ਨ ਦੇ ਆਗੂਆਂ ਨੇ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਦੇ ਵਿਕਾਸ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕੀਤੇ ਜਾ ਰਹੇ ਸਾਰਥਕ ਯਤਨਾਂ ਅਤੇ ਮੀਡੀਆ ਜਗਤ ਨਾਲ ਬਿਹਤਰ ਤਾਲਮੇਲ ਰੱਖਣ ਲਈ ਮਾਣਯੋਗ ਡਿਪਟੀ ਕਮਿਸ਼ਨਰ ਸ੍ਰੀਮਤੀ ਆਸ਼ਿਕਾ ਜੈਨ ਆਈ ਏ ਐੱਸ ਦਾ ਸਨਮਾਨ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ ਨੇ ਇਸ ਸਨਮਾਨ ਲਈ ਪੂਰੀ ਐਸੋਸੀਏਸ਼ਨ ਦਾ ਧੰਨਵਾਦ ਕਰਦਿਆਂ ਐਸੋਸੀਏਸ਼ਨ ਵੱਲੋਂ ਕਰਵਾਏ ਸੈਮੀਨਾਰ ਨੂੰ ਇੱਕ ਉਸਾਰੂ ਕਦਮ ਦੱਸਦਿਆਂ ਇਸ ਦੌਰਾਨ ਉਠਾਏ ਗਏ ਨੁਕਤਿਆਂ ਤੇ ਮੁੱਦਿਆਂ ਉੱਪਰ ਆਪਣੀ ਸਹਿਮਤੀ ਜਤਾਉਂਦਿਆਂ ਆਪਣੇ ਵੱਲੋਂ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਅਤੇ ਨਾਲ ਹੀ ਹੁਸ਼ਿਆਰਪੁਰ ਜ਼ਿਲ੍ਹੇ ਦੀ ਤਰੱਕੀ ਲਈ ਮੀਡੀਆ ਦੇ ਸਹਿਯੋਗ ਨੂੰ ਬੇਹੱਦ ਅਹਿਮ ਦੱਸਿਆ।

**ਫੋਟੋ ਅਜਮੇਰ ਦੀਵਾਨਾ**

# ਮਹਾਨ ਤਪੱਸਵੀ ਸੰਤ ਬਾਬਾ ਖੁਸ਼ੀ ਰਾਮ ਭਰੋਮਜਾਰਾ ਦੀ ਸਲਾਨਾ ਬਰਸੀ ਉਤਸ਼ਾਹ ਨਾਲ ਮਨਾਈ

**ਹੁਸ਼ਿਆਰਪੁਰ 25 ਮਈ ( ਤਰਸੇਮ ਦੀਵਾਨਾ )** - ਮਹਾਨ ਤਪੱਸਵੀ ਸੰਤ ਬਾਬਾ ਖੁਸ਼ੀ ਰਾਮ ਮਹਾਰਾਜ ਭਰੋਮਜਾਰਾ ਦੀ ਸਲਾਨਾ ਬਰਸੀ ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਦੀ ਸਰਪ੍ਰਸਤੀ ਵਿੱਚ ਮਨਾਈਗਈ। ਸ਼੍ਰੀ ਸਹਿਜਪਾਠ ਦੇ ਭੋਗ ਪੈਣ ਉਪਰੰਤ ਕੀਰਤਨ ਦਰਬਾਰ ਸਜਾਇਆ ਗਿਆ। ਜਿਸ ਵਿੱਚ ਡੇਰੇ ਦੇ ਕੀਰਤਨੀ ਜਥੇ ਵਲੋਂ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਬਰਸੀ ਸਮਾਗਮ ਵਿੱਚ ਵੱਖ ਵੱਖ ਡੇਰਿਆ ਤੋਂ ਪੁੰਹਚੇ ਸੰਤਾਂ ਨੇ ਸੰਗਤਾਂ ਨੂੰ ਸਾਂਝੇ ਤੌਰ ਤੇ ਉਪਦੇਸ਼ ਦਿੰਦਿਆ ਕਿਹਾ ਕਿ ਸਾਨੂੰ ਸੰਤ ਬਾਬਾ ਖੁਸ਼ੀ ਰਾਮ ਮਹਾਰਾਜ ਦੇ ਦੱਸੇ ਹੋਏ ਮਾਰਗ ਦਰਸ਼ਨ ਤੇ ਚੱਲ ਕੇ ਆਪਣਾ ਜੀਵਨ ਸਫਲ ਬਨਾਉਣਾ ਚਾਹੀਦਾ ਹੈ ਉਪਰੰਤ ਉਨ੍ਹਾ ਸਾਰਿਆ ਨੂੰ ਉਪਦੇਸ਼ ਦਿੱਤਾ ਕਿ ਬੱਚਿਆ ਨੂੰ ਵੱਧ ਤੋਂ ਵੱਧ ਪੜ੍ਹਾਈ ਲਈ ਪ੍ਰੇਰਿਤ ਕੀਤਾ ਜਾਵੇ ਤਾਂ ਜੋ ਸਮਾਜ ਹੋਰ ਤਰੱਕੀ ਕਰੇ। ਸੰਤਾਂ ਵਲੋਂ ਜਿਥੇ ਸਾਰਿਆ ਦਾ ਧੰਨਵਾਦ ਕੀਤਾ ਉਥੇ ਸੰਤ ਮਹਾਪੁਰਸ਼ਾ ਅਤੇ ਪ੍ਰਮੁੱਖ ਸ਼ਖਸ਼ੀਅਤਾ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ: ਪੰਜਾਬ, ਸੰਤ ਨਿਰਮਲ ਦਾਸ ਅਵਾਦਾਨ ਸੈਕਟਰੀ ਸ੍ਰੀ ਗੁਰੂ



ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ: ਪੰਜਾਬ, ਖਜਾਨਚੀ ਸੰਤ ਜਸਵਿੰਦਰ ਸਿੰਘ ਸੱਚਖੰਡ ਡਾਂਡੀਆ, ਸੰਤ ਸਤਨਾਮ ਦਾਸ ਗੱਜਰ ਮਹਿਦੂਦ, ਸੰਤ ਬੀਬੀ ਮੀਨਾ ਦੇਵੀ ਡੇਰਾ ਰਤਨਪੁਰੀ ਜੇਜੋ ਦੁਆਬਾ, ਸੰਤ ਤਾਰਾ ਚੰਦ ਸੰਧਵਾਂ, ਸੰਤ ਸੀਤਲ ਦਾਸ ਕਾਲੇਵਾਲ ਭਗਤਾਂ, ਸੰਤ ਬਾਬਾ ਬਲਵੀਰ ਦਾਸ ਡੇਰਾ ਮਹਾਨਪੁਰੀ ਸਾਹਰੀ, ਸਾਈਂ ਸਾਧੂ ਸ਼ਾਹ ਕਟਾਰੀਆਂ, ਸੰਤ ਸਾਈਂ ਮੋਨਿਕਾ ਗੜਸ਼ੰਕਰ, ਸੰਤ ਅਵਤਾਰ ਦਾਸ, ਸੰਤ ਹਾਕਮ ਦਾਸ ਸੰਧਵਾਂ, ਸੰਤ ਬਾਬਾ ਜਿੰਦਰ , ਸੰਤ ਆਤਮਾ ਦਾਸ ਅਪਰਾ, ਸੰਤ ਗੁਰਮੀਤ ਰਾਮ ਹਾਜੀਪੁਰ, ਸੰਤ ਸਤਨਾਮ ਸਿੰਘ ਨਰੂੜ, ਲੈਕ ਰਾਮ ਲੁਭਾਇਆ ਕਲਸੀ, ਜਥੇ. ਸਰੂਪ ਸਿੰਘ ਖਲਵਾੜਾ, ਸਾਬਕਾ ਮੈਂਬਰ ਜਿਲ੍ਹਾ ਪ੍ਰੀਸ਼ਦ ਕਮਲਜੀਤ ਬੰਗਾ ਜਿਲ੍ਹਾ ਪ੍ਰਧਾਨ ਕਿਸਾਨ ਵਿੰਗ ਕਾਂਗਰਸ, ਮੈਂਬਰ ਜਿਲ੍ਹਾ ਪ੍ਰੀਸ਼ਦ ਬੀਬੀ ਬਿਮਲਾ ਰਾਣੀ ਮਾਂਗਟ, ਹਰਭਜਨ ਸਿੰਘ ਸਾਬਕਾ ਸਰਪੰਚ ਭਰੋਲੀ, ਰੋਬਨ ਸੈਂਪਲੇ ਜਲੰਧਰ, ਕੇ ਕੇ ਪਾਲ ਵੜਿੰਗ, ਰਿਟਾ.ਮੈਨੇਜਰ ਸੁਰਿੰਦਰ ਪਾਲ, ਰਾਜ ਕੁਮਾਰ ਰਾਜੂ,ਮੰਗਤ ਰਾਮ, ਸੁਖਵਿੰਦਰ ਸਿੰਘ, ਬਲਵੰਤ ਰਾਏ ਵੜਿੰਗ, ਹਰਕੇਸ਼ ਜਲੰਧਰ, ਦੇਸ ਰਾਜ ਚੱਕਗੁਰੂ, ਬਿਹਾਰੀ ਲਾਲ ਨੰਗਲ ਭਾਖੜਾ, ਸੋਮ ਨਾਥ ਗ ੜ੍ਹ ਸ਼ ੰ ਕ ਰ , ਿ ਰ ਟ ਾ . ਸੁਪਰਵਾਇਜਰ ਬੀਬੀ ਅਮਰਜੀਤ ਕੌਰ ਨਵਾਂਸ਼ਹਿਰ, ਹਰਭਜਨ ਸਿੰਘ ਚੱਕਗੁਰੂ, ਮਦਨ ਲਾਲ ਰੰਧਾਵਾ, ਦੀਪਾ ਬੰਗੜ ਆਦਿ ਹਾਜਰ ਸਨ ।

**ਫੋਟੋ ਅਜਮੇਰ ਦੀਵਾਨਾ**

# ਦੇਸ਼ ਵਿਰੋਧੀ ਅਨਸਰਾਂ 'ਤੇ ਸਰਕਾਰ ਲਵੇ ਸਖ਼ਤ ਫੈਸਲਾ: ਨਿਸ਼ਾਂਤ ਸ਼ਰਮਾ

## ਸੂਬੇ ਵਿੱਚ ਮਾਹੌਲ ਖਰਾਬ ਕਰਨ ਦੀ ਹੋ ਰਹੀ ਸਾਜ਼ਿਸ਼ ਨੂੰ ਨਾਕਾਮ ਕਰਨ ਲਈ ਸ਼ਿਵ ਸੈਨਾ ਹਿੰਦ ਉਤਰੇਗੀ ਮੈਦਾਨ ਵਿੱਚ

**ਹੁਸ਼ਿਆਰਪੁਰ 25 ਮਈ (ਤਰਸੇਮ ਦੀਵਾਨਾ)** - ਸ਼ਿਵ ਸੈਨਾ ਹਿੰਦ ਦੇ ਰਾਸ਼ਟਰੀ ਪ੍ਰਧਾਨ ਨਿਸ਼ਾਂਤ ਸ਼ਰਮਾ ਨੇ ਅੰਮ੍ਰਿਤਸਰ (ਮਜੀਠਾ) ਵਿੱਚ ਪੁਲਿਸ ਅਧਿਕਾਰੀ ਏ.ਐਸ.ਆਈ. ਜੋਗਾ ਸਿੰਘ ਦੀ ਹੱਤਿਆ ਦੀ ਜ਼ਿੰਮੇਵਾਰੀ ਲੈਣ ਵਾਲੇ ਅੱਤਵਾਦੀ ਸੰਗਠਨ ਤਹਿਰੀਕ-ਏ-ਤਾਲਿਬਾਨ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।

ਮੀਡੀਆ ਨਾਲ ਗੱਲਬਾਤ ਕਰਦਿਆਂ ਰਾਸ਼ਟਰੀ ਪ੍ਰਧਾਨ ਨਿਸ਼ਾਂਤ ਸ਼ਰਮਾ ਨੇ ਕਿਹਾ ਕਿ ਭਾਰਤ ਦੀ ਪਵਿੱਤਰ ਧਰਤੀ 'ਤੇ ਅੱਤਵਾਦ, ਹਿੰਸਾ ਅਤੇ ਦੇਸ਼ ਵਿਰੋਧੀ ਗਤੀਵਿਧੀਆਂ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਤਹਿਰੀਕ-ਏ-ਤਾਲਿਬਾਨ ਵਰਗੇ ਅੱਤਵਾਦੀ ਸੰਗਠਨ ਧਿਆਨ ਨਾਲ ਸੁਣ ਲੈਣ ਕਿ ਪੰਜਾਬ ਪੁਲਿਸ ਅਤੇ ਦੇਸ਼ ਦੀਆਂ ਸੁਰੱਖਿਆ ਏਜੰਸੀਆਂ ਬਹੁਤ ਜਲਦ ਇਨ੍ਹਾਂ ਦੇ ਪੂਰੇ ਨੈੱਟਵਰਕ ਨੂੰ ਜੜ੍ਹ ਤੋਂ ਖਤਮ ਕਰ ਦੇਣਗੀਆਂ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਪਹਿਲਾਂ ਵੀ ਬੱਬਰ ਖਾਲਸਾ, ਭਿੰਡਰਾਂਵਾਲਾ ਟਾਈਗਰ ਫੋਰਸ, ਖਾਲਿਸਤਾਨ ਮਿਲਟੈਂਟ ਫੋਰਸ, ਲਸ਼ਕਰ-ਏ-ਤੋਇਬਾ ਵਰਗੇ ਕਈ ਵੱਡੇ-ਵੱਡੇ ਅੱਤਵਾਦੀ ਸੰਗਠਨਾਂ ਦਾ ਅੱਤਵਾਦ ਦੇ ਕਾਲੇ ਦੌਰ ਦੌਰਾਨ ਪੂਰੀ ਤਰ੍ਹਾਂ ਸਫਾਇਆ ਕਰ ਚੁੱਕੀ ਹੈ। ਜਦੋਂ ਪੰਜਾਬ ਪੁਲਿਸ ਨੇ ਇੰਨੇ ਖਤਰਨਾਕ ਅੱਤਵਾਦੀ ਨੈੱਟਵਰਕ ਖਤਮ ਕਰ ਦਿੱਤੇ, ਤਾਂ ਇਹ ਸੰਗਠਨ ਕਿਸ ਖੇਤ ਦੀ ਮੂਲੀ ਹੈ। ਪੰਜਾਬ ਪੁਲਿਸ ਦੇ ਵੱਡੇ-ਵੱਡੇ ਜਾਬਾਜ਼ ਅਧਿਕਾਰੀ ਅਤੇ ਸੁਰੱਖਿਆ ਏਜੰਸੀਆਂ ਇਨ੍ਹਾਂ ਦੇ ਪੂਰੇ ਨੈੱਟਵਰਕ ਨੂੰ ਜੜ੍ਹ ਤੋਂ ਨਸ਼ਟ ਕਰ ਦੇਣਗੀਆਂ।ਸ਼ਿਵ ਸੈਨਾ ਹਿੰਦ ਨੇ ਸ਼ਹੀਦ ਏ.ਐਸ.ਆਈ. ਜੋਗਾ ਸਿੰਘ ਨੂੰ ਭਾਵਪੂਰਨ ਸ਼ਰਧਾਂਜਲੀ ਭੇਟ ਕਰਦਿਆਂ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਦੋਸ਼ੀਆਂ ਨੂੰ ਜਲਦ ਗ੍ਰਿਫਤਾਰ ਕਰਕੇ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ।ਇਸ ਮੌਕੇ ਉੱਤਰ ਭਾਰਤ ਦੇ ਪ੍ਰਧਾਨ ਲਖਬੀਰ ਵਰਮਾ, ਪੰਜਾਬ ਪ੍ਰਧਾਨ ਐਡਵੋਕੇਟ ਕੇਤਨ ਸ਼ਰਮਾ, ਰਾਸ਼ਟਰੀ ਜਨਰਲ



ਸਕੱਤਰ ਦੀਪਾਂਸ਼ੂ ਸੂਦ, ਰਾਸ਼ਟਰੀ ਯੂਥ ਮੀਤ ਪ੍ਰਧਾਨ ਖੁਸ਼ਬੀਰ ਤਲਾੜੀ, ਧਰਮਗੁਰੂ ਰੰਜਨ ਸ਼ਾਸਤਰੀ, ਪੰਜਾਬ ਯੂਥ ਪ੍ਰਧਾਨ ਰਾਹੁਲ ਬਛੰਦਾ, ਐਸ.ਸੀ. ਵਿੰਗ ਦੇ ਸੂਬਾ ਪ੍ਰਧਾਨ ਰਾਜਕੁਮਾਰ ਭੱਟੀ, ਆਈ.ਟੀ. ਵਿੰਗ ਦੇ ਸੂਬਾ ਪ੍ਰਧਾਨ ਕਰਨ ਅਰੋੜਾ ਸਮੇਤ ਸ਼੍ਰੋਮਣੀ ਹਿੰਦ ਦੇ ਕਈ ਵੱਡੇ ਆਗੂਆਂ ਨੇ ਅੱਜ ਹੋਈ ਮੀਟਿੰਗ ਵਿੱਚ ਭਾਗ ਲਿਆ, ਜਿਸ ਦੌਰਾਨ ਇਸ ਅੱਤਵਾਦੀ ਘਟਨਾ ਦੀ ਸਖ਼ਤ ਨਿੰਦਾ ਕੀਤੀ ਗਈ।ਆਗੂਆਂ ਨੇ ਕਿਹਾ ਕਿ ਬਹੁਤ ਜਲਦ ਸ਼੍ਰੋਮਣੀ ਹਿੰਦ ਵੱਲੋਂ ਰਾਸ਼ਟਰੀ ਪੱਧਰ ਦੀ ਇੱਕ ਅਹਿਮ ਮੀਟਿੰਗ ਆਯੋਜਿਤ ਕੀਤੀ ਜਾਵੇਗੀ, ਜਿਸ ਵਿੱਚ ਦੇਸ਼ ਅਤੇ ਪੰਜਾਬ ਦੀ ਸੁਰੱਖਿਆ ਨੂੰ ਲੈ ਕੇ ਗੰਭੀਰ ਚਰਚਾ ਕੀਤੀ ਜਾਵੇਗੀ। ਇਹ ਮੀਟਿੰਗ ਕੋਰ ਕਮੇਟੀ ਦੇ ਚੇਅਰਮੈਨ ਰਵੀ ਸ਼ਰਮਾ ਅਤੇ ਸ਼੍ਰੋਮਣੀ ਹਿੰਦ ਦੇ ਸਿੱਖ ਸੰਗਤ ਵਿੰਗ ਦੇ ਰਾਸ਼ਟਰੀ ਪ੍ਰਧਾਨ ਹਰਕੀਰਤ ਸਿੰਘ ਖੁਰਵਾਨਾ ਦੀ ਅਗਵਾਈ ਵਿੱਚ ਹੋਵੇਗੀ।ਮੀਟਿੰਗ ਵਿੱਚ ਅੱਤਵਾਦ ਅਤੇ ਦੇਸ਼ ਵਿਰੋਧੀ ਗਤੀਵਿਧੀਆਂ ਵਿਰੁੱਧ ਸ਼੍ਰੋਮਣੀ ਹਿੰਦ ਦੀ ਲੜਾਈ ਨੂੰ ਹੋਰ ਮਜ਼ਬੂਤ ਅਤੇ ਪ੍ਰਭਾਵੀ ਢੰਗ ਨਾਲ ਅੱਗੇ ਵਧਾਉਣ ਦੀ ਪੂਰੀ ਰੂਪਰੇਖਾ ਤਿਆਰ ਕੀਤੀ ਜਾਵੇਗੀ, ਤਾਂ ਜੋ ਪੰਜਾਬ ਅਤੇ ਦੇਸ਼ ਦਾ ਮਾਹੌਲ ਖਰਾਬ ਕਰਨ ਵਾਲੀਆਂ ਤਾਕਤਾਂ ਨੂੰ ਕਰਾਰਾ ਜਵਾਬ ਦਿੱਤਾ ਜਾ ਸਕੇ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਆਪਣੇ ਮੈਂਬਰਾਂ ਦੀਆਂ ਕਲੀਨਿਕਾਂ ਦੀ ਰਾਖੀ ਲਈ ਵਚਨਬੱਧ :- ਡਾਕਟਰ ਸਲੋਹ, ਡਾਕਟਰ ਗਰਚਾ, ਡਾਕਟਰ ਕਟਾਰੀਆ



**ਨਵਾਂਸ਼ਹਿਰ( ਚਰਨਜੀਤ ਸੱਲ੍ਹਾ)** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹਾ ਇਕਾਈ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਵਿੱਚ ਸੂਬਾ ਚੇਅਰਮੈਨ ਡਾਕਟਰ ਪ੍ਰੇਮ ਸਲੋਹ ਅਤੇ ਸੂਬਾ ਮੀਤ ਪ੍ਰਧਾਨ ਡਾਕਟਰ ਬਲਵੀਰ ਗਰਚਾ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਮੀਟਿੰਗ ਵਿੱਚ ਐਸੋਸੀਏਸ਼ਨ ਨੂੰ ਪੇਸ਼ ਆ ਰਹੀਆਂ ਮੁਸਕਲਾਂ ਤੇ ਵਿਚਾਰ ਚਰਚਾ ਕੀਤੀ ਗਈ। ਸੂਬਾ ਚੇਅਰਮੈਨ ਡਾਕਟਰ ਪ੍ਰੇਮ ਸਲੋਹ, ਸੂਬਾ ਮੀਤ ਪ੍ਰਧਾਨ ਡਾਕਟਰ ਬਲਵੀਰ ਗਰਚਾ ਅਤੇ ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਨੇ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਆਪਣੇ ਸਾਂਝੇ ਬਿਆਨ ਵਿੱਚ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਨੂੰ ਆਪਣੇ ਕਿੱਤੇ ਨੂੰ ਬਚਾਉਣ ਲਈ ਸੰਘਰਸ਼ ਕਰਦਿਆਂ ਲੱਗ ਭੱਗ 30 ਸਾਲ ਤੋਂ ਵੱਧ ਸਮਾਂ ਹੋ ਗਿਆ ਹੈ ਪਰ ਅੱਜ ਤੱਕ ਕਿਸੇ ਵੀ ਸਰਕਾਰ ਨੇ ਮੈਡੀਕਲ ਪ੍ਰੈਕਟੀਸ਼ਨਰਜ਼ ਦੇ ਮਸਲੇ ਨੂੰ ਹੱਲ ਨਹੀਂ ਕੀਤਾ ਚਾਹੇ ਉਹ ਅਕਾਲੀ ਭਾਜਪਾ ਗਠਜੋੜ ਦੀ ਸਰਕਾਰ ਹੋਵੇ ਜਾਂ ਕਾਂਗਰਸ ਪਾਰਟੀ ਦੀ ਸਰਕਾਰ ਹੋਵੇ ਜਾਂ ਫਿਰ ਮੈਡੀਕਲ ਪ੍ਰੈਕਟੀਸ਼ਨਰਜ਼ ਨਾਲ ਵਾਅਦਾ ਕਰਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਭਗਵੰਤ ਸਿੰਘ ਮਾਨ ਸਰਕਾਰ ਹੋਵੇ। ਉਨ੍ਹਾਂ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਦੇ ਮੈਂਬਰਾਂ ਨੂੰ ਘਬਰਾਉਣ ਦੀ ਕੋਈ ਲੋੜ ਨਹੀਂ ਬੇਸ਼ੱਕ ਸਰਕਾਰ ਨੇ ਸਾਡੇ ਮਸਲੇ ਦਾ ਹੱਲ ਨਹੀਂ ਕੀਤਾ ਪਰ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਜਿਸ ਦੇ ਪ੍ਰਧਾਨ ਡਾਕਟਰ ਜਸਵਿੰਦਰ ਸਿੰਘ ਕਾਲਖ਼ ਹਨ ਉਨ੍ਹਾਂ ਦੀ ਅਤੇ ਸਮੁੱਚੀ ਸੂਬਾ ਕਮੇਟੀ ਦੀ ਰਹਿਨੁਮਾਈ ਹੇਠ ਆਪਣੇ ਮੈਂਬਰਾਂ ਦੀ ਕਲੀਨਿਕਾਂ ਦੀ ਰਾਖੀ ਲਈ ਵਚਨਬੱਧ ਹੈ। ਕੁਝ ਧਿਰਾਂ ਵੱਲੋਂ ਮੈਂਬਰਾਂ ਨੂੰ ਗੁਮਰਾਹ ਕਰਕੇ ਕਿ ਸਰਕਾਰ ਨੇ ਸਾਡਾ ਮਸਲਾ ਹੱਲ ਕਰ ਦਿੱਤਾ ਫ਼ਾਰਮ ਭਰਵਾ ਕੇ ਪੈਸੇ ਇਕੱਠੇ ਕੀਤੇ ਜਾ ਰਹੇ ਹਨ ਜੋ ਕਿ ਸਰਾਸਰ ਗ਼ਲਤ ਹੈ, ਮੈਂਬਰਾਂ ਨੂੰ ਉਨ੍ਹਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ ਗਈ। ਕਿਉਂਕਿ ਕਿ ਜਦੋਂ ਵੀ ਸਰਕਾਰ ਨੇ ਮੈਡੀਕਲ ਪ੍ਰੈਕਟੀਸ਼ਨਰਜ਼ ਦੇ ਮਸਲੇ ਨੂੰ ਹੱਲ ਕਰਨ ਲਈ ਕੋਈ ਕਦਮ ਚੁਕਿਆ ਤਾਂ ਉਸ ਲਈ ਪਹਿਲਾਂ ਕੋਈ ਨੋਟੀਫਿਕੇਸ਼ਨ ਜਾਰੀ ਕਰੇਗੀ। ਇਸ ਲਈ ਮੈਂਬਰਾਂ ਨੂੰ ਸਾਵਧਾਨ ਰਹਿਣਾ ਪਵੇਗਾ ਕਿ ਕਿਸੇ ਦੇ ਝਾਂਸੇ ਵਿੱਚ ਆ ਕੇ ਆਪਣਾ ਨੁਕਸਾਨ ਨਾ ਕਰ ਲੈਣ। ਉਨ੍ਹਾਂ ਮੈਂਬਰਾਂ ਨੂੰ ਆਪਸੀ ਏਕਤਾ ਬਣਾਈ ਰੱਖਣ ਲਈ ਅਤੇ ਆਪਣੀ ਜਥੇਬੰਦੀ ਨੂੰ ਮਜ਼ਬੂਤ ਰੱਖਣ ਲਈ ਅਪੀਲ ਕੀਤੀ। ਇਸ ਸਮੇਂ ਆਲ ਇੰਡੀਆ ਮੈਡੀਕਲ ਪ੍ਰੈਕਟੀਸ਼ਨਰਜ਼ ਵੈਲਫ਼ੇਅਰ ਸੁਸਾਇਟੀ ਦੇ ਕੇਂਦਰੀ ਜੁਆਇੰਟ ਸਕੱਤਰ ਅਤੇ ਬਲਾਕ ਬਹਿਰਾਮ ਦੇ ਪ੍ਰਧਾਨ ਡਾਕਟਰ ਜਤਿੰਦਰ ਸਹਿਗਲ,ਜ਼ਿਲ੍ਹਾ ਜਨਰਲ ਸਕੱਤਰ ਡਾਕਟਰ ਰਜਿੰਦਰ ਸਿੰਘ ਲੱਕੀ, ਜ਼ਿਲ੍ਹਾ ਕੈਸ਼ੀਅਰ ਡਾਕਟਰ ਕਸ਼ਮੀਰ ਸਿੰਘ ਬਛੌੜੀ, ਜ਼ਿਲ੍ਹਾ ਵਾਇਸ ਚੇਅਰਮੈਨ ਡਾਕਟਰ ਅਨੂੰਪਿੰਦਰ ਸਿੰਘ ਸੂੰਢ, ਜ਼ਿਲ੍ਹਾ ਆਰਗੇਨਾਈਜ਼ਿਰ ਡਾਕਟਰ ਸੁਰਿੰਦਰ ਮਹਾਲੋਂ, ਜ਼ਿਲ੍ਹਾ ਵਾਇਸ ਕੈਸ਼ੀਅਰ ਡਾਕਟਰ ਸਤਨਾਮ ਸਿੰਘ ਬਜੀਦਪੁਰ, ਬਲਾਕ ਬੰਗਾ ਦੇ ਪ੍ਰਧਾਨ ਡਾਕਟਰ ਅਮ੍ਰਿਤ ਲਾਲ ਫਰਾਲਾ, ਜ਼ਿਲ੍ਹਾ ਆਗੂ ਡਾਕਟਰ ਏ ਬੀ ਅਰੋੜਾ, ਜ਼ਿਲ੍ਹਾ ਆਗੂ ਡਾਕਟਰ ਸੰਤੋਖ ਬਾਲੀ ਅਤੇ ਬਲਾਕ ਨਵਾਂਸ਼ਹਿਰ ਦੇ ਵਾਇਸ ਚੇਅਰਮੈਨ ਡਾਕਟਰ ਤਰਸੇਮ ਸਲੋਹ ਆਦਿ ਮੈਂਬਰ ਹਾਜ਼ਰ ਸਨ।

# ਡੀਜਲ ਪੈਟਰੋਲ ਦੇ ਰੇਟਾਂ ਵਿੱਚ ਲਗਾਤਾਰ ਹੋ ਰਿਹਾ ਵਾਧਾ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਦਾ ਸਿੱਟਾ:ਕਰਨ ਸਿੰਘ ਰਾਣਾ

## ਖੇਤੀ ਸੈਕਟਰ ਲਗਾਤਾਰ ਬਰਬਾਦੀ ਵੱਲ ਵਧ ਰਿਹਾ ਹੈ



**ਨਵਾਂਸ਼ਹਿਰ 25 ਮਈ (ਜਤਿੰਦਰ ਪਾਲ ਸਿੰਘ ਕਲੇਰ )** ਪਿਛਲੇ ਦਸ ਦਿਨਾਂ ਵਿੱਚ ਲਗਾਤਾਰ ਡੀਜ਼ਲ ਪੈਟਰੋਲ ਦੇ ਰੇਟਾਂ ਵਿੱਚ ਵਾਧਾ ਕਰਕੇ ਦੇਸ਼ ਦੇ ਲੋਕਾਂ ਤੇ ਲਗਾਤਾਰ ਆਰਥਿਕ ਬੋਝ ਪਾਇਆ ਜਾ ਰਿਹਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਾਥੀ ਕਰਨ ਸਿੰਘ ਰਾਣਾ ਸੁਬਾਈ ਆਗੂ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮਚ ਨੇ ਅੱਜ ਪਿੰਡ ਰੱਤੇਵਾਲ ਵਿਖੇ ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਹਨਾਂ ਕਿਹਾ ਕਿ ਤੇਲ ਰੇਟਾਂ ਵਿੱਚ ਕੀਤੇ ਵਾਧੇ ਦਾ ਹਰ ਚੀਜ਼ ਦੀ ਮਹਿੰਗਾਈ ਤੇ ਅਸਰ ਹੋਣਾ ਸ਼ੁਰੂ ਹੋ ਗਿਆ ਹੈ। ਉਹਨਾਂ ਚਿੰਤਾ ਪ੍ਰਗਟ ਕੀਤੀ ਕੇ ਤੇਲ ਦੇ ਇਸ ਵਾਧੇ ਨੂੰ ਜਾਇਜ਼ ਠਹਿਰਾਉਣ ਲਈ ਕੇਂਦਰੀ ਹਕੂਮਤ ਝੂਠੇ ਅਤੇ ਬੇਬੁਨਿਆਦ ਕਾਰਣ ਦੱਸ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ। ਜਦ ਕੇ ਇਸ ਵਾਧੇ ਦਾ ਸਹੀ ਅਤੇ ਠੋਸ ਕਾਰਨ ਕੇਂਦਰ ਸਰਕਾਰ ਦੀ ਵਿਦੇਸ਼ ਅਤੇ ਵਪਾਰ ਨੀਤੀ ਦਾ ਫੇਲ੍ਹ ਹੋਣਾ ਹੈ। ਅਮਰੀਕਨ ਸਾਮਰਾਜ ਨਾਲ ਬੇਲੋੜੀ ਨੇੜਤਾ, ਨਿਰਭਰਤਾ ਗੁੱਟ ਨਿਰਲੇਪਤਾ ਦੀ ਨੀਤੀ ਨੂੰ ਛੱਡਣਾ, ਪਿਛਲੇ ਚਾਰ ਸਾਲਾਂ ਤੋਂ ਦੇਸੀ ਅਤੇ ਵਿਦੇਸ਼ੀ ਪੂੰਜੀ ਦਾ ਲਗਾਤਾਰ ਦੇਸ਼ ਤੋਂ ਬਾਹਰ ਜਾਣਾ, ਪਿਛਲੇ ਦਸ ਸਾਲਾਂ ਤੋਂ ਡਾਲਰ ਦੇ ਮੁਕਾਬਲੇ ਰੁਪਏ ਦਾ ਕਮਜ਼ੋਰ ਹੋਣਾ, ਸਿਰਫ ਕਾਰਪੋਰੇਟਾਂ ਅਤੇ ਸਾਮਰਾਜੀ ਪੂੰਜੀ ਲਈ ਕੰਮ ਕਰਨਾ ਅਤੇ ਦੇਸ਼ ਵਿੱਚ ਡੀਜ਼ਲ ਪੈਟਰੋਲ ਲਈ ਲੰਬੇ ਸਮੇਂ ਦੇ ਰਿਜਰਵ ਨਾ ਬਣਾਉਣਾ ਮਹਿੰਗਾਈ ਅਤੇ ਡੀਜ਼ਲ ਪੈਟਰੋਲ ਰਸੋਈ ਗੈਸ ਅਤੇ ਖਾਦਾਂ ਦੀ ਕਮੀ ਲਈ ਮੁੱਖ ਕਾਰਨ ਹਨ। ਉਹਨਾਂ ਕਿਹਾ ਕਿ ਜੇ ਅਜਿਹੇ ਹਾਲਾਤ ਬਣੇ ਰਹੇ ਤਾਂ ਦੇਸ਼ ਵਿੱਚ ਖੇਤੀ ਦੀ ਪੈਦਾਵਾਰ ਵਿੱਚ ਬੇਹਿਸਾਬ ਕਮੀ ਆਵੇਗੀ ਅਤੇ ਅਨ ਸੰਕਟ ਪੈਦਾ ਹੋ ਜਾਵੇਗਾ। ਉਹਨਾਂ ਮੰਗ ਕੀਤੀ ਕਿ ਤੇਜ਼ੀ ਨਾਲ ਵੱਧ ਰਹੀ ਮਹਿੰਗਾਈ ਤੇ ਕਾਬੂ ਪਾਉਣ ਲਈ ਠੋਸ ਬੰਦੋਬਸਤ ਕੀਤੇ ਜਾਣ ਅਤੇ ਡੀਜ਼ਲ , ਪੈਟਰੋਲ, ਰਸੋਈ ਗੈਸ ਅਤੇ ਖੇਤੀ ਲਈ ਖਾਦਾਂ ਦਾ ਆਮ ਲੋਕਾਂ ਨੂੰ ਸਸਤੇ ਭਾਅ ਤੇ ਮਿਲਣਾ ਯਕੀਨੀ ਬਣਾਇਆ ਜਾਵੇ ਅਤੇ ਇਹਨਾਂ ਵਸਤੂਆਂ ਦੀ ਕਾਲਾ ਬਜ਼ਾਰੀ ਨੂੰ ਸਖਤੀ ਨਾਲ ਰੋਕਿਆ ਜਾਵੇ। ਇਸ ਮੌਕੇ ਉਨਾਂ ਨਾਲ ਕਰਨੈਲ ਸਿੰਘ ਭੱਲਾ, ਮਨੋਹਰ ਲਾਲ ਰੱਤੇਵਾਲ ਅਤੇ ਅਜੇ ਕੁਮਾਰ ਰੱਤੇਵਾਲ ਵੀ ਹਾਜ਼ਰ ਸਨ।

# ਚੌਧਰੀ ਜਸਪਾਲ ਕਸਾਨਾਂ ਬਤੌਰ ਇੰਸਪੈਕਟਰ ਹੋਏ ਸੇਵਾ ਮੁਕਤ



**ਬਲਾਚੌਰ, 25 ਮਈ (ਜਤਿੰਦਰ ਪਾਲ ਸਿੰਘ ਕਲੇਰ )** - ਚੌਧਰੀ ਜਸਪਾਲ ਕਸਾਨਾਂ ਖੀਵੇਵਾਲ ਆਪਣੀਆਂ 38 ਸਾਲ ਦੀਆਂ ਬੇਦਾਗ ਸਵਾਵਾਂ ਦੇਣ ਉਪਰੰਤ ਦੀ ਹੁਸ਼ਿਆਰਪੁਰ ਐਕਸਪ੍ਰੈਸ ਟਰਾਂਸਪੋਰਟ ਲਿਮਟਿਡ ਕੰਪਨੀ ਤੋਂ ਬਤੌਰ ਇੰਸਪੈਕਟਰ ਸੇਵਾ ਮੁਕਤ ਹੋਏ। ਇਸ ਮੌਕੇ ਸਮੁੱਚੇ ਐਕਸਪ੍ਰੈਸ ਬੱਸ ਸਰਵਿਸ ਕੰਪਨੀ ਦੇ ਕਰਮਚਾਰੀਆਂ ਵੱਲੋਂ ਚੌਧਰੀ ਜਸਪਾਲ ਕਸਾਨਾਂ ਨੂੰ ਨਿੱਘੀ ਵਿਦਾਇਗੀ ਪਾਰਟੀ ਦਿੱਤੀ ਗਈ ਅਤੇ ਭਵਿੱਖ ਲਈ ਸ਼ੁੱਭ ਕਾਮਨਾਵਾਂ ਭੇਂਟ ਕੀਤੀਆਂ ਗਈਆਂ। ਜ਼ਿਕਰਯੋਗ ਹੈ ਕਿ ਚੌਧਰੀ ਜਸਪਾਲ ਕਸਾਣਾ 3 ਮਾਰਚ 1987 ਵਿੱਚ ਬਤੌਰ ਕੰਡਕਟਰ ਐਕਸਪ੍ਰੈਸ ਬੱਸ ਸਰਵਿਸ ਵਿੱਚ ਭਰਤੀ ਹੋਏ ਸਨ ਅਤੇ ਵੱਖ ਵੱਖ ਰੂਟਾਂ ਤੇ ਇਮਾਨਦਾਰੀ ਨਾਲ ਆਪਣੀਆਂ ਸੇਵਾਵਾਂ ਦੇਣ ਉਪਰੰਤ ਕੰਪਨੀ ਵੱਲੋਂ ਉਨ੍ਹਾਂ ਨੂੰ ਇੰਸਪੈਕਟਰ ਪਦਉੱਨਤ ਕੀਤਾ ਗਿਆ। ਚੌਧਰੀ ਜਸਪਾਲ ਕਸਾਨਾਂ ਨੇ ਦੀ ਹੁਸ਼ਿਆਰਪੁਰ ਐਕਸਪ੍ਰੈਸ ਟਰਾਂਸਪੋਰਟ ਲਿਮਟਿਡ ਕੰਪਨੀ ਅਤੇ ਸਮੁੱਚੇ ਸਟਾਫ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਜਰਨਲ ਮੈਨੇਜਰ ਹਰਦੀਪ ਸਿੰਘ ਗਿੱਲ, ਕੈਸ਼ੀਅਰ ਲਵਪ੍ਰੀਤ ਸਿੰਘ, ਇੰਸਪੈਕਟਰ ਪੰਡਿਤ ਓਮ ਪ੍ਰਕਾਸ਼, ਇੰਸਪੈਕਟਰ ਜਗਜੀਤ ਸਿੰਘ, ਅਵਤਾਰ ਸਿੰਘ, ਸਰਦਾਰ ਮਲਕੀਅਤ ਸਿੰਘ, ਤੇਜਿੰਦਰ ਸਿੰਘ ਰਿੰਕੂ, ਸਤਨਾਮ ਸਿੰਘ ਆਦਿ ਹਾਜ਼ਰ ਸਨ।

## ਕਾਕਰੋਚ ਨਾ ਜਾਣਿਓਂ ਸਾਨੂੰ



ਹਰ ਹਾਕਮ ਨੂੰ ਹਰ ਅਫ਼ਸਰ ਨੂੰ ,
ਅਸੀਂ ਕਾਕਰੋਚ ਹੀ ਲਗਦੇ ਹਾਂ ।
ਜਦੋਂ ਅਣਖ਼ ਜਾਗਦੀ ਹੈ ਸਾਡੀ ,
ਫ਼ਿਰ ਜੁਗਨੂੰ ਵਾਂਗੂੰ ਜਗਦੇ ਹਾਂ ।
ਇਹ ਵੱਖਰੀ ਗੱਲ ਕਿ ਸਾਡੇ ਵਿੱਚ ,
ਹੁਣ ਪਹਿਲਾਂ ਵਰਗਾ ਏਕਾ 'ਨੀਂ ;
ਪਰ ਜਦ ਆਈ 'ਤੇ ਆਉਂਨੇਂ ਆਂ ,
ਅੰਗਿਆਰਾਂ ਵਾਂਗੂੰ ਦਗ਼ਦੇ ਹਾਂ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ**
**ਸੰਗਰੂਰ -9914836037**

---

## ਸੁਣ ਵੇ ਸਜਣਾ

ਨਫ਼ਰਤ ਕਰਕੇ ਕੁਝ ਵੀ ਨਹੀਂਓ ਹਾਸਲ ਹੁੰਦਾ,
ਲਾਲਚ ਵਾਲਾ ਬੰਦਾ ਅਕਸਰ ਰੋਂਦਾ ਰਹਿੰਦਾ,
ਅਕਸਰ ਰੋਂਦਾ ਰਹਿੰਦਾ, ਕਿਸੇ ਦੀ ਗੱਲ ਨਹੀਂ ਮੰਨਦਾ,
ਸਾਰੇ ਦੁੱਖ ਤਕਲੀਫ਼ਾਂ ਨੂੰ ਓਹ ਖੁਦ ਹੀ ਸਹਿੰਦਾ।
ਜੀਵਨ ਖਿੜਿਆ ਫੁੱਲ ਵਰਗਾ ਕਰ ਪੂਰੀ ਹਸਰਤ,
ਕਦੇ ਕਿਸੇ ਦੇ ਨਾਲ ਨਾ ਕਰੀਏ ਕੋਈ ਨਫ਼ਰਤ।
ਪਿਆਰ ਵੰਡੀਏ ਰਾਹਾਂ ਵਿਚ, ਵੈਰ ਭੁਲਾ ਦੇਈਏ,
ਦਿਲ ਦੀ ਧਰਤੀ ਉੱਤੇ ਖ਼ੁਸ਼ੀਆਂ ਦੇ ਬੂਟੇ ਲਾਈਏ।
ਹੰਕਾਰ ਤਾਂ ਮਿੱਟੀ ਹੁੰਦਾ, ਨਿਮਰਤਾ ਸੋਨਾ,
ਜੋ ਬੀਜਾਂਗੇ ਉਹੀ ਵੱਢਾਂਗੇ, ਏਹੋ ਜੱਗ ਦਾ ਨੇਮ।
ਚੰਗੇ ਕਰਮਾਂ ਵਾਲਾ ਸਦਾ ਹੀ ਮਹਿਕਦਾ ਰਹਿੰਦਾ,
ਮਾੜੀ ਸੋਚ ਨਾ ਰੱਖ ਕਦੇ, ਰੱਬ ਸਭ ਕੁਝ ਵੇਖਦਾ।
ਦਿਲਾਂ ਨੂੰ ਜੋੜਨ ਵਾਲਾ ਬਣ ਜਾ ਤੂੰ ਕਮਲ,



**ਕਮਲ ਭਾਸਕਰ**

---

## ਗਾਇਬ ਹੈ..

ਆਰਥਿਕਤਾ ਗਾਇਬ ਹੈ ਆਰਥਿਕ ਸਰਵੇਖਣ 'ਚੋਂ।
ਝੜੀ ਮਸ਼ਹੂਰੀਆਂ ਦੀ ਲੱਗਦੀ ਐ ਏਸ ਸਰਵੇਖਣ 'ਚੋਂ।
ਕਈ ਵਾਰੀ ਬਗਲਾ ਵੀ ਹੰਸ ਦਾ ਭੁਲੇਖਾ ਪਾਵੇ,
ਅਸਲੀਅਤ ਦਾ ਪਤਾ ਲੱਗਦੈ ਨੀਝ ਲਾ ਕੇ ਵੇਖਣ ਤੋਂ।
ਜਿਸ ਤਰ੍ਹਾਂ ਵਖਰੇਵਿਆਂ ਦੀਆਂ ਗੱਲਾਂ ਤੂੰ ਏਂ ਕਰਦਾ,
ਕੱਟੜਪੁਣੇ ਦੀ ਬੋਅ ਆਉਂਦੀ ਹੈ ਤੇਰੇ ਇਸ ਪੇਖਣ ਤੋਂ।
ਲੱਗਦਾ ਨਹੀਂ ਏ ਤੈਨੂੰ ਭੋਰਾ ਵੀ ਅਫਸੋਸ ਹੋਇਐ,
ਬਸ ਅਭਿਨੈ ਹੀ ਲੱਗਦਾ ਏ ਮੈਨੂੰ ਤੇਰੇ ਖੇਖਣ ਤੋਂ।
ਵੱਡੇ- ਵੱਡੇ ਲੋਕ ' ਦੀਪ' ਸ਼ਿਮਲੇ ਨੂੰ ਚਲੇ ਜਾਂਦੇ,
ਕਿਰਤੀ ਨਹੀਂ ਬਚਦਾ ਪਿੰਡਾ ਧੁੱਪਾਂ ਵਿੱਚ ਸੇਕਣ ਤੋਂ।

**ਸੰਦੀਪ 'ਦੀਪ'**
**ਦੰਦਰਾਲਾ ਖਰੌਡ**



## ਸੇਵਾ ਦੇ ਵਾਰਿਸ



ਕਲਮ ਦਾ ਸੂਰਾ ਜਤਿੰਦਰ, ਸੇਵਾ ਜਿਸਦੀ ਰੀਤ,
ਰੱਬ ਦੀ ਦਾਤ ਅਵੀਰ ਆਇਆ, ਘਰ ਵਿਚ ਵਧੀ ਪ੍ਰੀਤ।
ਜੱਗ ਤੋਂ ਨਿਆਰਾ ਜਤਿੰਦਰ ਬੰਦਾ, ਦਿਲ ਦਾ ਬੜਾ ਅਮੀਰ,
ਲੋਕਾਂ ਦੇ ਦੁੱਖ ਵੰਡੇ ਆਪਣੇ, ਬਣਿਆ ਸਭ ਦਾ ਵੀਰ।
ਕਲਮ ਉਹਦੀ ਤਲਵਾਰੋਂ ਤਿੱਖੀ, ਲਿਖੇ ਸੱਚ ਦੀ ਬਾਤ,
ਹੱਕ-ਸੱਚ ਦੀ ਰਾਹੇ ਤੁਰਦਾ, ਕਰਦਾ ਰਹੇ ਦਿਨ-ਰਾਤ।
ਕਲਮ ਦਾ ਸੂਰਾ ਜਤਿੰਦਰ, ਸੇਵਾ ਜਿਸਦੀ ਰੀਤ,
ਰੱਬ ਦੀ ਦਾਤ ਅਵੀਰ ਆਇਆ, ਘਰ ਵਿਚ ਵਧੀ ਪ੍ਰੀਤ।
ਦਾਤੇ ਅਗੇ ਅਰਦਾਸਾਂ ਕੀਤੀਆਂ, ਸੁਣੀਆਂ ਉਸ ਦੀਆਂ ਪੀੜਾਂ,
ਖਾਲੀ ਝੋਲੀ ਭਰ ਦਿੱਤੀ, ਲਾ ਦਿੱਤੀਆਂ ਤਕਦੀਰਾਂ।
ਵਿਹੜੇ ਵਿਚ ਕਿਲਕਾਰੀ ਗੂੰਜੀ, ਬੇਟਾ ਅਵੀਰ ਜੰਮਿਆ,
ਲੱਡੂ ਵੰਡੇ ਜਾ ਰਹੇ ਨੇ, ਘਰ-ਘਰ ਖੁਸ਼ੀ ਦਾ ਮੇਲਾ ਜੰਮਿਆ।
ਕਲਮ ਦਾ ਸੂਰਾ ਜਤਿੰਦਰ, ਸੇਵਾ ਜਿਸਦੀ ਰੀਤ,
ਰੱਬ ਦੀ ਦਾਤ ਅਵੀਰ ਆਇਆ, ਘਰ ਵਿਚ ਵਧੀ ਪ੍ਰੀਤ।
ਢੋਲ ਦੀ ਥਾਪ ਤੇ ਨੱਚਦਾ ਜਗ ਸਾਰਾ, ਪੈ ਰਹੇ ਭੰਗੜੇ ਭਾਰੀ,
ਵਿਹੜੇ ਅੰਦਰ ਰੌਣਕ ਲੱਗੀ, ਖੁਸ਼ੀਆਂ ਦੀ ਏ ਬਹਾਰੀ।
ਬਾਪੂ ਵਾਂਗੂ ਨਿੱਘੀ ਛਾਵੇਂ, ਪਲੇਗਾ ਸੋਹਣਾ ਵੀਰ,
ਸੇਵਾ ਵਾਲੇ ਰਾਹੇ ਤੁਰ ਕੇ, ਬਣੂ ਸਭ ਦੀ ਤਕਦੀਰ।
ਕਲਮ ਦਾ ਸੂਰਾ ਜਤਿੰਦਰ, ਸੇਵਾ ਜਿਸਦੀ ਰੀਤ,
ਰੱਬ ਦੀ ਦਾਤ ਅਵੀਰ ਆਇਆ, ਘਰ ਵਿਚ ਵਧੀ ਪ੍ਰੀਤ।
ਦੋ ਪੀੜ੍ਹੀਆਂ ਦਾ ਸੁਮੇਲ ਹੋਇਆ, ਬਾਪ-ਪੁੱਤ ਦਾ ਜੋੜ,
ਇਕ ਕਲਮ ਦਾ ਵਾਰਿਸ ਬਣਿਆ, ਦੂਜਾ ਸੇਵਾ ਦਾ ਹੋੜ।
ਵਿਰਸਾ ਮਿਲਿਆ ਸਿਦਕ ਵਾਲਾ, ਤੇ ਮਿਹਨਤ ਵਾਲਾ ਨੂਰ,
ਅਵੀਰ ਬਣੂ ਮਿਸਾਲ ਜੱਗ ਤੇ, ਕਰੇਗਾ ਨਾਂ ਮਸ਼ਹੂਰ।
ਕਲਮ ਦਾ ਸੂਰਾ ਜਤਿੰਦਰ, ਸੇਵਾ ਜਿਸਦੀ ਰੀਤ,
ਰੱਬ ਦੀ ਦਾਤ ਅਵੀਰ ਆਇਆ, ਘਰ ਵਿਚ ਵਧੀ ਪ੍ਰੀਤ।
ਖੁਸ਼ੀ ਮਨਾਵੇ ਰਮੇਸ਼ਵਰ ਸਿੰਘ, ਪਹਿਲਾਂ ਜਤਿੰਦਰ ਚੇਲਾ ਸੀ ਮੇਰਾ,
ਹੁਣ ਨਵਾਂ ਚੇਲਾ ਅਵੀਰ ਆਇਆ, ਰੱਬ ਨੇ ਸੁੱਖੜਾ ਫੇਰਾ ਪਾਇਆ।
ਓਹ ਵੀ ਵਧੀਆ ਕਲਮ ਵਾਹੇਗਾ, ਲੋਕਾਂ ਨੂੰ ਰਾਹ ਦਿਖਾਵੇਗਾ,
ਸਾਰੇ ਪਰਿਵਾਰ ਨੂੰ ਲੱਖ-ਲੱਖ ਵਧਾਈ, ਜੁੱਗ-ਜੁੱਗ ਜੀਵੇ ਇਹ ਛਾਵਾਂ।
ਕਲਮ ਦਾ ਸੂਰਾ ਜਤਿੰਦਰ, ਸੇਵਾ ਜਿਸਦੀ ਰੀਤ,
ਰੱਬ ਦੀ ਦਾਤ ਅਵੀਰ ਆਇਆ, ਘਰ ਵਿਚ ਵਧੀ ਪ੍ਰੀਤ।



**ਰਮੇਸ਼ਵਰ ਸਿੰਘ**

## "ਮੈਂ ਕੀ ਦੱਸਾਂ"

ਤੀਵੀਂ ਰੁਸ ਕੇ ਤੁਰ ਗਈ ਪੇਕੇ,
ਮੈਂ ਕੀ ਦੱਸਾਂ
ਆਖੇ ਤੂੰ ਮੇਰੇ ਗਹਿਣੇ ਵੇਚੇ,
ਮੈਂ ਕੀ ਦੱਸਾਂ
ਭਾਈ ਉਹਦੇ ਸੀ ਆ ਗਏ ਤੜਕੇ,
ਆਉਂਦਿਆਂ ਹੀ ਮੇਰੇ ਨਾਲ ਲੜ ਪਏ,
ਨਾਲ ਮੇਰੇ ਗਏ ਯਾਰ ਲਪੇਟੇ 'ਚ,
ਮੈਂ ਕੀ ਦੱਸਾਂ
ਉਨ੍ਹਾਂ ਨਹੀਂ ਮੈਨੂੰ ਸਮਝਾਇਆ,
ਸਭ ਤੋਂ ਪਹਿਲਾਂ ਲੰਮਾ ਪਾਇਆ,
ਪਿੰਡ ਸਾਰਾ ਹੀ ਖੜ੍ਹ ਕੇ ਵੇਖੇ,
ਮੈਂ ਕੀ ਦੱਸਾਂ
ਇੱਜ਼ਤ ਦਾ ਅੱਜ ਫ਼ਲੂਦਾ ਹੋਇਆ,
ਰੋ-ਰੋ ਕੇ ਦਿਲ ਮੇਰਾ ਰੋਇਆ,
ਕਿਸਮਤ ਨੇ ਪਾਈ ਐਸੇ ਮੇਖੇ,
ਮੈਂ ਕੀ ਦੱਸਾਂ
ਘਰ ਦੀ ਗੱਲ ਘਰ ਹੀ ਰਹਿ ਜਾਂਦੀ,
ਜੇ ਨਾ ਕੁੱਕੜ ਖੇਹ ਉਡਾਂਦੀ,
ਕਾਹਨੂੰ ਜੱਗ ਤਮਾਸ਼ਾ ਵੇਖੇ,
ਮੈਂ ਕੀ ਦੱਸਾਂ
ਗੁਰਮੀਤ ਅਖਾੜੇ ਮੱਲ ਹੁੰਦੇ ਆ,
ਪਿਆਰ ਨਾਲ ਮਸਲੇ ਹੱਲ ਹੁੰਦੇ ਆ,
ਤੂੰ ਵੀ ਜਾਣਾ ਛੱਡ ਦੇ ਠੇਕੇ,
ਮੈਂ ਕੀ ਦੱਸਾਂ
ਤੀਵੀਂ ਰੁਸ ਕੇ ਤੁਰ ਗਈ ਪੇਕੇ,
ਮੈਂ ਕੀ ਦੱਸਾਂ

**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**





# ਸ੍ਰੀ ਪਾਉਂਟਾ ਸਾਹਿਬ ਦੇ ਸ਼ਹੀਦਾਂ ਦੀ ਯਾਦ 'ਚ ਲੈਸਟਰ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ

**ਲੈਸਟਰ (ਇੰਗਲੈਂਡ), 25 ਮਈ (ਸੁਖਜਿੰਦਰ ਸਿੰਘ ਢੱਡੇ)–** ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਚਰਨਾਂ ਦੀ ਛੋਹ ਪ੍ਰਾਪਤ ਇਤਿਹਾਸਕ ਅਸਥਾਨ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਜੀ ਨੂੰ ਪਤਿਤ ਮਹੰਤਾਂ ਤੋਂ ਆਜ਼ਾਦ ਕਰਵਾਉਣ ਲਈ ਸ਼ਹੀਦ ਹੋਏ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਬੇਲਾਂ ਦੇ 11 ਨਿਹੰਗ ਸਿੰਘਾਂ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਗੁਰੂ ਦਸਮੇਸ਼ ਸਾਹਿਬ ਲੈਸਟਰ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਵਿਸ਼ੇਸ਼ ਗੁਰਮਤਿ ਸਮਾਗਮ ਸ਼ਰਧਾ ਅਤੇ ਸਤਿਕਾਰ ਨਾਲ ਕਰਵਾਇਆ ਗਿਆ। ਇਹ ਸਮਾਗਮ ਸ੍ਰੀ ਪਾਉਂਟਾ ਸਾਹਿਬ ਵਿਖੇ 22 ਮਈ 1964 ਨੂੰ ਵਾਪਰੇ ਸ਼ਹੀਦੀ ਸਾਕੇ ਦੀ ਯਾਦ ਨੂੰ ਸਮਰਪਿਤ ਸੀ, ਜਿਸ ਦੌਰਾਨ ਨਿਹੰਗ ਸਿੰਘਾਂ ਨੇ ਗੁਰੂ ਘਰ ਦੀ ਮਰਿਆਦਾ ਅਤੇ ਪ੍ਰਬੰਧ ਦੀ ਰੱਖਿਆ ਲਈ ਵੱਡੀਆਂ ਕੁਰਬਾਨੀਆਂ ਦਿੱਤੀਆਂ ਸਨ।

ਸਮਾਗਮ ਦੀ ਸ਼ੁਰੂਆਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ ਦਰਬਾਰ ਨਾਲ ਹੋਈ। ਹਜ਼ੂਰੀ ਰਾਗੀ ਭਾਈ ਜਤਿੰਦਰ ਸਿੰਘ ਹਿਆਲਾ ਅਤੇ ਭਾਈ ਬਲਵੀਰ ਸਿੰਘ ਜੀ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਉਨ੍ਹਾਂ ਵੱਲੋਂ ਸ਼ਹੀਦੀ ਅਤੇ ਗੁਰਸਿੱਖੀ ਨਾਲ ਸੰਬੰਧਿਤ ਸ਼ਬਦਾਂ ਦਾ ਗਾਇਨ ਕਰਕੇ ਹਾਜ਼ਰ ਸੰਗਤਾਂ ਨੂੰ ਭਾਵੁਕ ਕੀਤਾ ਗਿਆ।
ਇਸ ਦੌਰਾਨ ਗੁਰਦੁਆਰਾ ਸਾਹਿਬ ਦਾ ਦਰਬਾਰ ਹਾਲ ਵੱਡੀ ਗਿਣਤੀ ਵਿੱਚ ਪਹੁੰਚੀਆਂ ਸੰਗਤਾਂ ਨਾਲ ਭਰਿਆ ਹੋਇਆ ਸੀ ਅਤੇ ਸੰਗਤਾਂ ਨੇ ਗੁਰੂ ਜਸ ਸਰਵਣ ਕਰਦਿਆਂ ਸ਼ਰਧਾ ਪ੍ਰਗਟਾਈ।
ਇਸ ਸਮਾਗਮ ਵਿੱਚ ਰੋਜ਼ਾਨਾ ਪੰਜਾਬ ਟਾਈਮਜ਼ ਦੇ ਚੀਫ਼ ਐਡੀਟਰ ਬਲਜੀਤ ਸਿੰਘ ਬਰਾੜ, ਉੱਘੇ ਪੱਤਰਕਾਰ ਗਿਆਨੀ ਤ੍ਰਿਲੋਚਨ ਸਿੰਘ ਵਿਰਕ, ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਜਗਤਾਰ ਸਿੰਘ ਰਾਹੋਂ, ਜਸਪਾਲ ਸਿੰਘ ਢਿੱਲੋਂ, ਗੁਰਜੰਟ ਸਿੰਘ, ਸਿੱਖ ਵਿਦਵਾਨ ਸਰਬਜੀਤ ਸਿੰਘ ਸੰਘਾ, ਕੌਂਸਲਰ ਸੰਤੋਖ ਸਿੰਘ ਅਟਵਾਲ, ਪ੍ਰਸਿੱਧ ਸੰਗੀਤਕਾਰ ਗਿਆਨੀ ਬਲਵੰਤ ਸਿੰਘ ਲਿੱਤਰਾਂ ਵਾਲੇ ਅਤੇ ਦਮਦਮੀ ਟਕਸਾਲ ਦੇ ਹੈੱਡ ਗ੍ਰੰਥੀ ਗਿਆਨੀ ਸੁਖਚੈਨ ਸਿੰਘ ਸਮੇਤ ਹੋਰ ਅਨੇਕਾਂ ਪ੍ਰਮੁੱਖ ਸ਼ਖਸੀਅਤਾਂ ਨੇ ਹਾਜ਼ਰੀ ਭਰੀ।



ਬਲਜੀਤ ਸਿੰਘ ਬਰਾੜ ਨੂੰ ਸਨਮਾਨਿਤ ਕਰਦੇ ਹੋਏ ਗੁਰੂ ਘਰ ਦੇ ਪ੍ਰਬੰਧਕ। ਤਸਵੀਰ:– ਸੁਖਜਿੰਦਰ ਸਿੰਘ ਢੱਡੇ

ਸੰਗਤਾਂ ਨੂੰ ਸੰਬੋਧਨ ਕਰਦਿਆਂ ਬਲਜੀਤ ਸਿੰਘ ਬਰਾੜ ਨੇ ਕਿਹਾ ਕਿ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਬੇਲਾਂ ਨੇ ਹਮੇਸ਼ਾ ਪੰਥਕ ਕਾਰਜਾਂ ਵਿੱਚ ਚੜ੍ਹਦੀ ਕਲਾ ਨਾਲ ਭੂਮਿਕਾ ਨਿਭਾਈ ਹੈ ਅਤੇ ਗੁਰੂ ਘਰਾਂ ਦੀ ਮਰਿਆਦਾ ਦੀ ਰੱਖਿਆ ਲਈ ਅਨੇਕਾਂ ਕੁਰਬਾਨੀਆਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਸ੍ਰੀ ਪਾਉਂਟਾ ਸਾਹਿਬ ਦੀ ਆਜ਼ਾਦੀ ਲਈ ਨਿਹੰਗ ਸਿੰਘਾਂ ਵੱਲੋਂ ਦਿੱਤੀਆਂ ਸ਼ਹਾਦਤਾਂ ਸਿੱਖ ਇਤਿਹਾਸ ਦਾ ਅਹਿਮ ਅਧਿਆਇ ਹਨ, ਜਿਨ੍ਹਾਂ ਨੂੰ ਸਿੱਖ ਕੌਮ ਕਦੇ ਵੀ ਭੁਲਾ ਨਹੀਂ ਸਕਦੀ। ਉਨ੍ਹਾਂ ਕਿਹਾ ਕਿ ਜਥੇਦਾਰ ਬਾਬਾ ਨਿਹਾਲ ਸਿੰਘ ਹਰੀਆਂ ਬੇਲਾਂ ਨੇ ਵੀ ਬਹੁਤ ਮੁਸ਼ਕਲਾਂ ਦੇ ਬਾਵਜੂਦ ਪੰਥ ਦੀ ਸੇਵਾ ਅਤੇ ਗੁਰੂ ਘਰਾਂ ਦੀ ਮਰਿਆਦਾ ਲਈ ਅਹਿਮ ਯੋਗਦਾਨ ਪਾਇਆ ਹੈ।
ਗਿਆਨੀ ਤ੍ਰਿਲੋਚਨ ਸਿੰਘ ਵਿਰਕ ਅਤੇ ਹੋਰ ਬੁਲਾਰਿਆਂ ਨੇ ਵੀ ਆਪਣੇ ਸੰਬੋਧਨਾਂ ਵਿੱਚ ਸ਼ਹੀਦ ਨਿਹੰਗ ਸਿੰਘਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਨੌਜਵਾਨ ਪੀੜ੍ਹੀ ਨੂੰ ਸਿੱਖ ਇਤਿਹਾਸ ਨਾਲ ਜੁੜਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਸਿੱਖ ਇਤਿਹਾਸ ਅਤੇ ਸ਼ਹੀਦੀ ਪਰੰਪਰਾ ਨਾਲ ਜੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।
ਇਸ ਮੌਕੇ ਗੁਰੂ ਘਰ ਅਤੇ ਮਾਤਾ ਖੀਵੀ ਜੀ ਸੁਸਾਇਟੀ ਵੱਲੋਂ ਬਲਜੀਤ ਸਿੰਘ ਬਰਾੜ ਨੂੰ ਪੱਤਰਕਾਰੀ, ਸਿੱਖੀ ਪ੍ਰਚਾਰ ਅਤੇ ਪੰਥਕ ਕਾਰਜਾਂ ਵਿੱਚ ਨਿਭਾਈਆਂ ਜਾ ਰਹੀਆਂ ਵਿਸ਼ੇਸ਼ ਸੇਵਾਵਾਂ ਲਈ ਸਿਰੋਪਾਓ ਬਖਸ਼ਿਸ਼ ਕਰਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਗਿਆਨੀ ਸੁਖਚੈਨ ਸਿੰਘ, ਜਸਪਾਲ ਸਿੰਘ ਢਿੱਲੋਂ, ਜਗਤਾਰ ਸਿੰਘ ਰਾਹੋਂ, ਗਿਆਨੀ ਬਲਵੰਤ ਸਿੰਘ ਲਿੱਤਰਾਂ ਵਾਲੇ, ਗਿਆਨੀ ਤ੍ਰਿਲੋਚਨ ਸਿੰਘ ਵਿਰਕ, ਭਾਈ ਜਤਿੰਦਰ ਸਿੰਘ ਹਿਆਲਾ ਅਤੇ ਕੌਂਸਲਰ ਸੰਤੋਖ ਸਿੰਘ ਅਟਵਾਲ ਨੂੰ ਵੀ ਸਨਮਾਨਿਤ ਕੀਤਾ ਗਿਆ। ਸਟੇਜ ਸੰਚਾਲਨ ਦੀ ਸੇਵਾ ਗਿਆਨੀ ਰਣਧੀਰ ਸਿੰਘ ਸੰਭਲ ਨੇ ਇਤਿਹਾਸਕ ਜਾਣਕਾਰੀ ਅਤੇ ਸ਼ਹੀਦੀ ਸਾਕੇ ਦੇ ਵੇਰਵੇ ਸਾਂਝੇ ਕਰਦਿਆਂ ਬਾਖੂਬੀ ਨਿਭਾਈ। ਸਮਾਗਮ ਦੇ ਅੰਤ ਵਿੱਚ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਿਰਕਤ ਕੀਤੀ।

# ਅਜੇ ਮੰਗਪੁਰ ਜ਼ਿਲ੍ਹਾ ਪ੍ਰਧਾਨ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਨੂੰ ਮਿਲੀ ਮਜ਼ਬੂਤੀ





**ਨਵਾਂਸ਼ਹਿਰ /ਕਾਠਗੜ੍ਹ 25 ਮਈ(ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਕਾਂਗਰਸ ਪਾਰਟੀ ਦੀਆਂ ਜੜਾਂ ਹੋ ਰਹੀਆਂ ਹੋਰ ਵੀ ਮਜ਼ਬੂਤ ਇਹੋ ਕਹਿਣਾਂ ਹੈ ਸ਼ਹੀਦ ਭਗਤ ਸਿੰਘ ਨਗਰ ਤੋਂ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਦਾ। ਬੀਤੇ ਦਿਨੀ ਪਿੰਡ-ਰੱਤੇਵਾਲ ਤੋਂ ਸੀਮਾ ਦੇਵੀ ਆਮ ਆਦਮੀ ਪਾਰਟੀ ਨੂੰ ਛੱਡ ਅਜੇ ਮੰਗਪੁਰ ਦੀ ਅਗਵਾਈ ਹੇਠ ਆਪਣੇ ਸਾਥੀਆਂ ਊਸ਼ਾ ਦੇਵੀ, ਮਨਜੀਤ ਕੌਰ, ਸ਼ੋਭਾ ਰਾਣੀ, ਲੱਛਮੀ ਦੇਵੀ, ਰਿੰਕੂ ਬਾਬਾ, ਰਾਕੇਸ਼ ਕੁਮਾਰ, ਪਰਮਜੀਤ, ਰੇਖਾ ਰਾਣੀ, ਕੁਲਵਿੰਦਰ, ਸੋਨੂੰ, ਬਬਲੀ, ਰੀਨਾ, ਜਸਵਿੰਦਰ ਕੌਰ, ਸੰਤੋਸ਼ ਤੋਸ਼ੀ, ਸੋਨੂੰ, ਰੋਹਿਤ, ਗੋਪੀ, ਨਰਿੰਦਰ ਕੁਮਾਰ ਨਿੰਦੀ, ਰਾਮ ਪਾਲ, ਮੋਹਨ ਲਾਲ, ਜੱਸਾ, ਬੱਲਾ, ਤਰਸੇਮ, ਕਾਲਾ, ਮਾਨਵ, ਮਨਦੀਪ, ਡੋਲ਼ਾ, ਰਵੀ, ਮੁੱਗਾ, ਬਖਸ਼ੋ, ਸੀਮਾ, ਸੋਨੂੰ ਅਤੇ ਪਰਿਵਾਰਾਂ ਸਮੇਤ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ। ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਨੇ ਲੋਕਾਂ ਨੂੰ ਕਾਂਗਰਸ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਬਾਰੇ ਜਾਣੂ ਕਰਵਾਇਆ। ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਨੇ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਏ ਸਾਥੀਆਂ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ ਅਤੇ ਕਾਂਗਰਸ ਪਾਰਟੀ ਉਨ੍ਹਾਂ ਲਈ ਹਰ ਸਮੇਂ ਹਾਜ਼ਰ ਰਹੇਗੀ। ਅਜੇ ਮੰਗੂਪੁਰ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਲੋਕਾਂ ਦਾ ਕਾਂਗਰਸ ਪਾਰਟੀ ਵੱਲ ਵੱਧ ਰਿਹਾ ਵਿਸ਼ਵਾਸ ਕਾਂਗਰਸ ਪਾਰਟੀ ਦੀ ਜਿੱਤ ਤੇ ਪੱਕੀ ਮੋਹਰ ਲਗਾ ਰਿਹੈ। ਇਸ ਮੋਕੇ ਮੋਹਨ ਲਾਲ ਸੰਧੂ ਬਲਾਕ ਪ੍ਰਧਾਨ ਬਲਾਚੌਰ, ਧਰਮਪਾਲ ਸਾਬਕਾ ਚੇਅਰਮੈਨ, ਨਾਨਕ ਬਾਂਠ ਚੇਅਰਮੈਨ ਬਲਾਕ ਸੰਮਤੀ ਬਲਾਚੌਰ, ਮੋਹਿੰਦਰ ਪਾਲ ਸੀਨੀਅਰ ਮੀਤ ਪ੍ਰਧਾਨ, ਰਾਜਿੰਦਰ ਸਿੰਘ ਸ਼ਿੰਦੀ ਦਫ਼ਤਰ ਸਕੱਤਰ ਡੀ ਸੀ ਸੀ, ਕੁਲਦੀਪ ਕੁਮਾਰ ਪ੍ਰਧਾਨ ਕਿਸਾਨ ਵਿੰਗ, ਹੇਮੰਤ ਚੌਧਰੀ ਮੰਡਲ ਪ੍ਰਧਾਨ, ਕੇਵਲ ਕ੍ਰਿਸ਼ਨ ਸੀਨੀਅਰ ਮੀਤ ਪ੍ਰਧਾਨ, ਵਿਜੇ ਮੋਹਨ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਰਾਜੀਵ ਕੁਮਾਰ ਬਲਾਕ ਸੰਮਤੀ ਮੈਂਬਰ, ਰਾਮ ਨਾਥ ਸਰਪੰਚ ਨਵਾਂ ਪਿੰਡ ਰੱਤੇਵਾਲ, ਵਿਜੈ ਚੌਧਰੀ ਸਾਬਕਾ ਸਰਪੰਚ, ਗੁਲਸ਼ਨ ਕੁਮਾਰ ਸੋਸ਼ਲ ਮੀਡੀਆ, ਸੋਮਨਾਥ ਤੱਕਲਾ ਮੀਤ ਪ੍ਰਧਾਨ, ਹਰਪ੍ਰੀਤ ਹੈਰੀ ਪ੍ਰਧਾਨ ਯੂਥ ਸ਼ਹਿਰੀ, ਰਾਕੇਸ਼ ਰਾਣੀ ਜਨਰਲ ਸਕੱਤਰ ਡੀ ਸੀਸੀ, ਰਮੇਸ਼ ਚੈਧਰੀ ਸਰਪੰਚ, ਹਰਮੇਸ਼ ਚੌਧਰੀ ਸਾਬਕਾ ਸਰਪੰਚ, ਧਰਮਪਾਲ ਉਧਨਵਾਲ, ਹਰਮੇਸ਼ ਬਿੱਲਾ, ਹਰਮਨਜੀਤ ਸਿੰਘ ਆਦਿ ਪਾਰਟੀ ਵਰਕਰ ਹਾਜ਼ਰ ਸਨ।

# ਮੋਰਿੰਡਾ ਨਗਰ ਕੌਂਸਲ ਚੋਣਾਂ: ਸਮਾਜ ਸੇਵੀ ਕਾਮਰੇਡ ਕਾਕਾ ਰਾਮ ਨੇ ਲੋਕਾਂ ਨੂੰ ਇਮਾਨਦਾਰ ਉਮੀਦਵਾਰ ਚੁਣਨ ਦੀ ਕੀਤੀ ਅਪੀਲ

**ਮੋਰਿੰਡਾ 25 ਮਈ (ਸੁਖਵਿੰਦਰ ਸਿੰਘ ਹੈਪੀ)–** ਮੋਰਿੰਡਾ ਨਗਰ ਕੌਂਸਲ ਚੋਣਾਂ ਨੂੰ ਲੈ ਕੇ ਸ਼ਹਿਰ ਵਿੱਚ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਇਸੇ ਦੌਰਾਨ ਇਲਾਕੇ ਦੇ ਜਾਣੇ-ਪਛਾਣੇ ਸਮਾਜ ਸੇਵੀ ਕਾਮਰੇਡ ਕਾਕਾ ਰਾਮ ਨੇ ਸ਼ਹਿਰ ਵਾਸੀਆਂ ਨੂੰ ਇੱਕ ਵਿਸ਼ੇਸ਼ ਅਪੀਲ ਕੀਤੀ ਹੈ। ਜ਼ਿਕਰਯੋਗ ਹੈ ਕਾਮਰੇਡ ਕਾਕਾ ਰਾਮ ਸੀਪੀਆਈ ਜ਼ਿਲ੍ਹਾ ਰੋਪੜ ਦੇ ਸਹਿ. ਸਕੱਤਰ ਹਨ। ਉਨ੍ਹਾਂ ਨੇ ਲੋਕਾਂ ਨੂੰ ਜਾਗਰੂਕ ਕਰਦਿਆਂ ਕਿਹਾ ਕਿ ਹਰ ਇੱਕ ਵੋਟ ਬਹੁਤ ਕੀਮਤੀ ਹੁੰਦੀ ਹੈ ਅਤੇ ਪੰਜ ਸਾਲਾਂ ਬਾਅਦ ਜਨਤਾ ਨੂੰ ਆਪਣੀ ਕਿਸਮਤ ਬਦਲਣ ਦਾ ਇਹ ਮੌਕਾ ਦੁਬਾਰਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਪਿਛਲੇ ਸਮੇਂ ਦੌਰਾਨ



ਕੀਤੀ ਗਈ ਚੋਣ ਤੁਹਾਡੇ ਵਾਰਡ ਦੇ ਵਿਕਾਸ ਲਈ ਸਹੀ ਸਾਬਿਤ ਨਹੀਂ ਹੋਈ, ਤਾਂ ਇਸ ਵਾਰ ਸੋਚ-ਸਮਝ ਕੇ ਫੈਸਲਾ ਲੈਣ ਦੀ ਲੋੜ ਹੈ। ਕਾਮਰੇਡ ਕਾਕਾ ਰਾਮ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਪਾਰਟੀਬਾਜ਼ੀ ਅਤੇ ਸਿਆਸਤ ਤੋਂ ਉੱਪਰ ਉੱਠ ਕੇ ਆਪਣੇ ਵਾਰਡਾਂ ਲਈ ਨਵੇਂ, ਪੜ੍ਹੇ-ਲਿਖੇ, ਮਿਹਨਤੀ ਅਤੇ ਬੇਦਾਗ਼ ਅਕਸ਼ ਵਾਲੇ ਇਮਾਨਦਾਰ ਉਮੀਦਵਾਰਾਂ ਨੂੰ ਚੁਣਨ, ਤਾਂ ਜੋ ਮੋਰਿੰਡਾ ਸ਼ਹਿਰ ਅਤੇ ਵਾਰਡਾਂ ਦਾ ਸਹੀ ਤਰੀਕੇ ਨਾਲ ਵਿਕਾਸ ਹੋ ਸਕੇ।

# ਵਿਧਾਇਕ ਜਿੰਪਾ ਨੇ ਭਗਵਾਨ ਮਹਾਵੀਰ ਸੇਤੂ ਤੋਂ ਹਰਿਆਣਾ ਰੋਡ ਤੱਕ ਨਵੀਆਂ ਸਟਰੀਟ ਲਾਈਟਾਂ ਦਾ ਕੀਤਾ ਉਦਘਾਟਨ

## 40 ਲੱਖ ਰੁਪਏ ਦੀ ਲਾਗਤ ਲਾਲ ਲਗਾਈਆਂ ਗਈਆਂ 96 ਆਧੁਨਿਕ ਸਟਰੀਟ ਲਾਈਟਾਂ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਸ਼ਨੀਵਾਰ ਸ਼ਾਮ ਭਗਵਾਨ ਮਹਾਵੀਰ ਸੇਤੂ ਤੋਂ ਲੈ ਕੇ ਹਰਿਆਣਾ ਰੋਡ (ਮਿਊਂਸਪਲ ਲਿਮਟ) ਤੱਕ ਸਟਰੀਟ ਲਾਈਟਾਂ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਸ਼ਹਿਰ ਦੇ ਵਿਕਾਸ ਅਤੇ ਸੁੰਦਰੀਕਰਨ ਲਈ ਨਗਰ ਨਿਗਮ ਲਗਾਤਾਰ ਕੰਮ ਕਰ ਰਿਹਾ ਹੈ ਅਤੇ ਇਸੇ ਕੜੀ ਤਹਿਤ 40 ਲੱਖ ਰੁਪਏ ਦੀ ਲਾਗਤ ਨਾਲ ਇਸ ਰਸਤੇ ’ਤੇ 96 ਨਵੀਆਂ ਸਟਰੀਟ ਲਾਈਟਾਂ ਲਗਾਈਆਂ ਗਈਆਂ ਹਨ। ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਨਗਰ ਨਿਗਮ ਨੇ ਆਪਣੇ ਮੌਜੂਦਾ ਕਾਰਜਕਾਲ ਦੌਰਾਨ ਸ਼ਹਿਰ ਵਿਚ ਸਟਰੀਟ ਲਾਈਟਾਂ ’ਤੇ 10 ਕਰੋੜ ਰੁਪਏ ਤੋਂ ਵੱਧ ਖਰਚ ਕੀਤੇ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਹਲਕਿਆਂ ਵਿਚ ਪਹਿਲਾਂ ਹਨੇਰਾ ਰਹਿੰਦਾ ਸੀ, ਉਥੇ ਹੁਣ ਰੌਸ਼ਨੀ ਪਹੁੰਚ ਚੁੱਕੀ ਹੈ ਅਤੇ ਸ਼ਹਿਰ ਦੀਆਂ ਸਾਰੀਆਂ ਮਿਊਂਸਪਲ ਹੱਦਾਂ ਨੂੰ ਪੂਰੀ ਤਰ੍ਹਾਂ ਰੌਸ਼ਨ ਕਰਨ ਦਾ ਯਤਨ ਸਫ਼ਲਤਾਪੂਰਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਸੁੰਦਰੀਕਰਨ ਵਿਚ ਕੋਈ ਕਮੀ ਨਹੀਂ ਛੱਡੀ ਜਾਵੇਗੀ ਅਤੇ ਆਉਣ ਵਾਲੇ ਸਮੇਂ ਵਿਚ ਵੀ ਵਿਕਾਸ ਕਾਰਜ ਇਸੇ ਤਰ੍ਹਾਂ ਜਾਰੀ ਰਹਿਣਗੇ। ਉਨ੍ਹਾਂ ਕਿਹਾ ਕਿ ਬਿਹਤਰ ਰੌਸ਼ਨੀ ਨਾਲ ਜਿਥੇ ਲੋਕਾਂ ਨੂੰ ਸੁਵਿਧਾ ਮਿਲੇਗੀ,ਉਥੇ ਸੁਰੱਖਿਆ ਵਿਵਸਥਾ ਵੀ ਮਜ਼ਬੂਤ ਹੋਵੇਗੀ। ਸ਼ਹਿਰਵਾਸੀਆਂ ਨੂੰ ਆਧੁਨਿਕ ਅਤੇ ਸੁਵਿਧਾਜਨਕ ਵਾਤਾਵਰਣ ਉਪਲਬੱਧ ਕਰਵਾਉਣਾ ਸਰਕਾਰ ਦੀ ਪਹਿਲਕਦਮੀ ਹੈ।

# ਅੱਜ ਚੋਣ ਹਲਕਿਆਂ ‘ਚ ਰਹੇਗਾ ਡਰਾਈ ਡੇਅ: ਰਜਿਸਟਰਡ ਦੁਕਾਨਾਂ ਤੇ ਹੋਰ ਥਾਵਾਂ ’ਤੇ ਕੰਮ ਕਰਨ ਵਾਲੇ ਵੋਟਰਾਂ ਨੂੰ ਵੋਟ ਪਾਉਣ ਲਈ ਕੰਮ ਤੋਂ ਰਹੇਗੀ ਛੋਟ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹੇ ਵਿਚ 26 ਮਈ ਨੂੰ ਹੋਣ ਵਾਲੀਆਂ ਨਗਰ ਕੌਂਸਲ ਦੀਆਂ ਚੋਣਾਂ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਭਾਰਤੀ ਨਾਗਰਿਕ ਨਿਆਂ ਸਹਿੰਤਾ ਦੀ ਧਾਰਾ 163 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਵਿਚ ਪੈਣ ਵਾਲੀਆਂ ਵੋਟਾਂ ਨੂੰ ਲੈ ਕੇ ਜਿਥੇ-ਜਿਥੇ ਚੋਣ ਜ਼ਾਬਤਾ ਲੱਗਾ ਹੋਇਆ ਹੈ, ਉਥੇ 5 ਜਾਂ 5 ਤੋਂ ਵੱਧ ਵਿਅਕਤੀਆਂ ਇਕੱਠੇ ਹੋਣ ’ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਜਾਰੀ ਹੁਕਮਾਂ ਅਨੁਸਾਰ 24 ਮਈ (ਐਤਵਾਰ) ਸ਼ਾਮ 4 ਵਜੇ ਤੋਂ ਚੋਣ ਪ੍ਰਚਾਰ ਬੰਦ ਹੋਣ ਨਾਲ ਇਹ ਹੁਕਮ ਤੁਰੰਤ ਲਾਗੂ ਹੋਣਗੇ ਅਤੇ 26 ਮਈ 2026 ਤੱਕ ਚੋਣ ਅਮਲ ਮੁਕੰਮਲ ਹੋਣ ਤੱਕ ਲਾਗੂ ਰਹਿਣਗੇ। ਇਨ੍ਹਾਂ ਹੁਕਮਾਂ ਵਿਚ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਇਨ੍ਹਾਂ 48 ਘੰਟਿਆਂ ਦੌਰਾਨ 4 ਵਿਅਕਤੀਆਂ ਦੀ ਗਿਣਤੀ ਤੱਕ ਘਰ-ਘਰ ਜਾ ਪ੍ਰਚਾਰ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਜਿਹੜੇ ਸਿਆਸੀ ਆਗੂ, ਪਾਰਟੀ ਵਰਕਰ ਜਾਂ ਅਹੁਦੇਦਾਰ ਜਿਨ੍ਹਾਂ ਦੀ ਇਲਾਕੇ ਵਿਚ ਵੋਟ ਨਹੀਂ ਹੈ ਉਨ੍ਹਾਂ ਨੂੰ 24 ਮਈ ਸ਼ਾਮ 4 ਵਜੇ ਤੋਂ ਵੋਟਾਂ ਦੀ ਹਦੂਦ ਵਾਲਾ ਇਲਾਕਾ ਛੱਡਣਾ ਪਵੇਗਾ। ਇਸੇ ਤਰ੍ਹਾਂ ਇਨ੍ਹਾਂ ਚੋਣਾਂ ਦੇ ਮੱਦੇਨਜ਼ਰ ਪੰਜਾਬ ਦੇ ਆਬਕਾਰੀ ਵਿਭਾਗ ਵਲੋਂ ਜਾਰੀ ਹੁਕਮਾਂ ਮੁਤਾਬਕ 26 ਮਈ 2026 ਨੂੰ ਜਿਨ੍ਹਾਂ ਹਲਕਿਆਂ ਵਿਚ ਚੋਣਾਂ ਹੋਣ ਜਾ ਰਹੀਆਂ ਹਨ ਉਥੇ ‘ਡਰਾਈ ਡੇਅ’ ਰਹੇਗਾ। ਇਸੇ ਤਰ੍ਹਾਂ ਪੰਜਾਬ ਦੇ ਕਿਰਤ ਵਿਭਾਗ ਵਲੋਂ ਜਾਰੀ ਹੁਕਮਾਂ ਅਨੁਸਾਰ ਸੂਬੇ ਵਿਚ ਰਜਿਸਟਰਡ ਦੁਕਾਨਾਂ ਅਤੇ ਹੋਰ ਥਾਵਾਂ ’ਤੇ ਕੰਮ ਕਰਨ ਵਾਲੇ ਉਹ ਵੋਟਰ ਜਿਨ੍ਹਾਂ ਦੀ ਨਗਰ ਕੌਂਸਲ ਚੋਣਾਂ ਵਿਚ ਵੋਟ ਹੈ, ਨੂੰ 26 ਮਈ 2026 ਨੂੰ ਕੰਮ ਤੋਂ ਛੋਟ ਦਿੱਤੀ ਗਈ ਹੈ ਤਾਂ ਜੋ ਉਹ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕਰ ਸਕਣ।

# 15 ਬਦਲਵੇਂ ਦਸਤਾਵੇਜ਼ ਵੋਟਰ ਆਈ.ਡੀ. ਕਾਰਡ ਦੀ ਗੈਰ-ਮੌਜੂਦਗੀ ਵਿੱਚ ਵੋਟ ਪਾਉਣ ਲਈ ਯੋਗ - ਡੀ.ਸੀ. ਗੁਲਪ੍ਰੀਤ ਸਿੰਘ ਔਲਖ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ ਗੁਲਪ੍ਰੀਤ ਸਿੰਘ ਔਲਖ ਨੇ ਕਿਹਾ ਕਿ ਆਉਣ ਵਾਲੀਆਂ ਨਗਰ ਕੌਂਸਲ ਚੋਣਾਂ ਵਿੱਚ ਵੋਟਰਾਂ ਕੋਲ ਵੋਟਰ ਫੋਟੋ ਪਛਾਣ ਪੱਤਰ ਨਾ ਹੋਣ ਦੀ ਸੂਰਤ ਵਿੱਚ ਵੀ ਵੋਟ ਪਾਉਣ ਦਾ ਹੱਕ ਹੈ, ਬਸ਼ਰਤੇ ਉਨ੍ਹਾਂ ਦਾ ਨਾਂ ਵਾਰਡ-ਵਾਰ ਵੋਟਰ ਸੂਚੀਆਂ ਵਿੱਚ ਦਰਜ ਹੋਵੇ। ਵੇਰਵੇ ਸਾਂਝੇ ਕਰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਰਾਜ ਚੋਣ ਕਮਿਸ਼ਨ, ਪੰਜਾਬ ਵੱਲੋਂ ਵੋਟ ਪਾਉਣ ਲਈ ਪਛਾਣ ਦੇ ਸਬੂਤ ਵਜੋਂ 15 ਬਦਲਵੇਂ ਦਸਤਾਵੇਜ਼ਾਂ ਨੂੰ ਮਾਨਤਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਯੋਗ ਵੋਟਰ ਆਧਾਰ ਕਾਰਡ, ਭਾਰਤੀ ਪਾਸ-ਪੋਰਟ, ਡਰਾਈਵਿੰਗ ਲਾਇਸੈਂਸ, ਫੋਟੋ ਵਾਲਾ ਪੈਨ ਕਾਰਡ, ਮਨਰੇਗਾ ਜੌਬ ਕਾਰਡ, ਰਾਸ਼ਨ ਕਾਰਡ/ਨੀਲਾ ਕਾਰਡ, ਫੋਟੋ ਵਾਲਾ ਅਸਲਾ ਲਾਇਸੈਂਸ, ਫੋਟੋ ਵਾਲੇ ਪੈਨਸ਼ਨ ਦਸਤਾਵੇਜ਼, ਸੁਤੰਤਰਤਾ ਸੈਨਾਨੀ ਪਛਾਣ ਪੱਤਰ, ਬੈਂਕ ਜਾਂ ਡਾਕਖਾਨੇ ਵੱਲੋਂ ਜਾਰੀ ਫੋਟੋ ਵਾਲੀ ਪਾਸਬੁੱਕ, ਕਿਰਤ ਮੰਤਰਾਲੇ ਦੀਆਂ ਸਕੀਮਾਂ ਤਹਿਤ ਜਾਰੀ ਹੈਲਥ ਇੰਸ਼ੋਰੈਂਸ ਸਮਾਰਟ ਕਾਰਡ, ਸੰਸਦ ਮੈਂਬਰਾਂ ਅਤੇ ਵਿਧਾਇਕਾਂ ਨੂੰ ਜਾਰੀ ਅਧਿਕਾਰਤ ਪਛਾਣ ਪੱਤਰ, ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਵੱਲੋਂ ਜਾਰੀ ਯੂ.ਡੀ.ਆਈ.ਡੀ. ਕਾਰਡ, ਕੇਂਦਰ/ਰਾਜ ਸਰਕਾਰ ਦੇ ਵਿਭਾਗਾਂ, ਪੀ.ਐਸ.ਯੂ. ਜਾਂ ਪਬਲਿਕ ਲਿਮਟਿਡ ਕੰਪਨੀਆਂ ਵੱਲੋਂ ਜਾਰੀ ਸਰਵਿਸ ਪਛਾਣ ਪੱਤਰ, ਅਤੇ ਮਾਨਤਾ ਪ੍ਰਾਪਤ ਵਿਦਿਅਕ ਸੰਸਥਾਵਾਂ ਵੱਲੋਂ ਜਾਰੀ ਫੋਟੋ ਪਛਾਣ ਪੱਤਰ ਵਰਗੇ ਦਸਤਾਵੇਜ਼ ਦਿਖਾ ਕੇ ਵੋਟ ਪਾ ਸਕਦੇ ਹਨ। ਸ. ਔਲਖ ਨੇ ਦੱਸਿਆ ਕਿ ਬੰਗਾ, ਨਵਾਂਸ਼ਹਿਰ ਅਤੇ ਰਾਹੋਂ ਸਮੇਤ ਤਿੰਨ ਨਗਰ ਕੌਂਸਲਾਂ ਦੀਆਂ ਚੋਣਾਂ ਲਈ 26 ਮਈ ਨੂੰ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਵੋਟਾਂ ਪੈਣਗੀਆਂ, ਜਦਕਿ ਵੋਟਾਂ ਦੀ ਗਿਣਤੀ 29 ਮਈ ਨੂੰ ਹੋਵੇਗੀ। ਉਨ੍ਹਾਂ ਦੁਹਰਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਆਜ਼ਾਦ, ਨਿਰਪੱਖ ਅਤੇ ਪਾਰਦਰਸ਼ੀ ਚੋਣਾਂ ਨੂੰ ਯਕੀਨੀ ਬਣਾਉਣ ਲਈ ਵਿਆਪਕ ਪ੍ਰਬੰਧ ਕੀਤੇ ਗਏ ਹਨ।

# ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ "ਮੇਰੀ ਰਸੋਈ ਯੋਜਨਾ" ਤਹਿਤ 600 ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ



**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)** ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਨੂੰ ਮਹੱਤਵਪੂਰਨ ਰਾਹਤ ਪ੍ਰਦਾਨ ਕਰਦੇ ਹੋਏ ਅਤੇ ਭੋਜਨ ਸੁਰੱਖਿਆ ਨੂੰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦੇ ਹੋਏ, ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਐਤਵਾਰ ਨੂੰ ਚੱਬੇਵਾਲ ਵਿਧਾਨ ਸਭਾ ਹਲਕੇ ਵਿੱਚ ਪੰਜਾਬ ਸਰਕਾਰ ਦੀ ਮਹੱਤਵਪੂਰਨ "ਮੇਰੀ ਰਸੋਈ ਯੋਜਨਾ" ਦੀ ਸ਼ੁਰੂਆਤ ਕੀਤੀ, ਜਿਸ ਵਿੱਚ ਪਿੰਡ ਚੱਬੇਵਾਲ ਅਤੇ ਅਜਨੋਹਾ ਦੇ ਲਗਭਗ 600 ਲਾਭਪਾਤਰੀ ਪਰਿਵਾਰਾਂ ਨੂੰ ਮੁਫਤ ਰਾਸ਼ਨ ਕਿੱਟਾਂ ਵੰਡੀਆਂ ਗਈਆਂ। ਵਿਧਾਇਕ ਨੇ ਚੱਬੇਵਾਲ ਵਿੱਚ ਲਗਭਗ 250 ਅਤੇ ਅਜਨੋਹਾ ਵਿੱਚ 350 ਲਾਭਪਾਤਰੀ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ। ਉਨ੍ਹਾਂ ਦੱਸਿਆ ਕਿ ਹਲਕੇ ਦੇ ਸਾਰੇ ਯੋਗ ਲਾਭਪਾਤਰੀਆਂ ਨੂੰ 30 ਜੂਨ ਤੱਕ ਇਸ ਯੋਜਨਾ ਦਾ ਲਾਭ ਪਹੁੰਚਦਾ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਚੱਬੇਵਾਲ ਪੰਜਾਬ ਦੇ ਚੋਣਵੇਂ ਹਲਕਿਆਂ ਦੇ ਸਮੂਹ ਵਿੱਚ ਸ਼ਾਮਲ ਹੋ ਗਿਆ ਹੈ ਜਿੱਥੇ ਮੁੱਖ ਮੰਤਰੀ ਭਗਵੰਤ ਸਿੰਘ ਸਿੱਧੂ ਦੁਆਰਾ ਹਾਲ ਹੀ ਵਿੱਚ ਸ਼ੁਰੂ ਕੀਤੀ ਗਈ ਇਸ ਯੋਜਨਾ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨਾ ਸ਼ੁਰੂ ਹੋ ਗਿਆ ਹੈ। ਇਸ ਮੌਕੇ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ "ਮੇਰੀ ਰਸੋਈ ਯੋਜਨਾ" ਦਾ ਉਦੇਸ਼ ਗਰੀਬ ਅਤੇ ਮੱਧ ਵਰਗੀ ਪਰਿਵਾਰਾਂ 'ਤੇ ਵਧ ਰਹੇ ਰਸੋਈ ਖਰਚਿਆਂ ਦੇ ਬੋਝ ਨੂੰ ਘਟਾਉਣਾ ਅਤੇ ਔਰਤਾਂ ਅਤੇ ਬੱਚਿਆਂ ਨੂੰ ਬਿਹਤਰ ਪੋਸ਼ਣ ਪ੍ਰਦਾਨ ਕਰਨਾ ਹੈ। ਇਸ ਯੋਜਨਾ ਦੇ ਤਹਿਤ, ਹਰੇਕ ਲਾਭਪਾਤਰੀ ਪਰਿਵਾਰ ਨੂੰ ਇੱਕ ਵਿਸ਼ੇਸ਼ ਰਾਸ਼ਨ ਕਿੱਟ ਮਿਲੇਗੀ ਜਿਸ ਵਿੱਚ 2 ਕਿਲੋ ਛੋਲਿਆਂ ਦੀ ਦਾਲ, 2 ਕਿਲੋ ਖੰਡ, 1 ਕਿਲੋ ਆਇਓਡੀਨ ਵਾਲਾ ਨਮਕ, 200 ਗ੍ਰਾਮ ਹਲਦੀ ਅਤੇ 1 ਲੀਟਰ ਸਰ੍ਹੋਂ ਦਾ ਤੇਲ ਹੋਵੇਗਾ। ਇਹ ਕਿੱਟਾਂ ਸਾਲ ਵਿੱਚ ਚਾਰ ਵਾਰ ਯੋਗ ਪਰਿਵਾਰਾਂ ਨੂੰ ਵੰਡੀਆਂ ਜਾਣਗੀਆਂ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਲੋਕ ਭਲਾਈ ਸਕੀਮਾਂ ਰਾਹੀਂ ਸਮਾਜ ਦੇ ਹਰ ਵਰਗ ਲਈ ਜੀਵਨ ਨੂੰ ਆਸਾਨ ਬਣਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ, ਅਤੇ ਉਹ ਖੁਦ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਨ ਕਿ ਇਨ੍ਹਾਂ ਸਕੀਮਾਂ ਦਾ ਲਾਭ ਪਹਿਲਾਂ ਉਨ੍ਹਾਂ ਦੇ ਹਲਕੇ ਦੇ ਲੋਕਾਂ ਤੱਕ ਪਹੁੰਚੇ। ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਿਰਫ਼ ਐਲਾਨ ਹੀ ਨਹੀਂ ਕਰ ਰਹੀ ਹੈ, ਸਗੋਂ ਮੁਫਤ ਬਿਜਲੀ, ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ, ਮੁੱਖ ਮੰਤਰੀ ਸਿਹਤ ਯੋਜਨਾ, ਮਾਵਾਂ-ਧਿਆਨ ਸਤਿਕਾਰ ਯੋਜਨਾ ਅਤੇ ਹੁਣ ਮੇਰੀ ਰਸੋਈ ਯੋਜਨਾ ਵਰਗੀਆਂ ਸਕੀਮਾਂ ਰਾਹੀਂ ਲੋਕਾਂ ਨੂੰ ਸਿੱਧੀ ਰਾਹਤ ਵੀ ਪ੍ਰਦਾਨ ਕਰ ਰਹੀ ਹੈ। ਉਨ੍ਹਾਂ ਕਿਹਾ, "ਇਹ ਯੋਜਨਾ ਸਿਰਫ਼ ਰਾਸ਼ਨ ਵੰਡ ਤੱਕ ਹੀ ਸੀਮਿਤ ਨਹੀਂ ਹੈ, ਸਗੋਂ ਵਧਦੀ ਮਹਿੰਗਾਈ ਦੇ ਵਿਚਕਾਰ ਪਰਿਵਾਰਾਂ ਨੂੰ ਸਨਮਾਨ ਅਤੇ ਪੋਸ਼ਣ ਸੁਰੱਖਿਆ ਪ੍ਰਦਾਨ ਕਰਨ ਦੀ ਕੋਸ਼ਿਸ਼ ਹੈ।" ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਦਾ ਵਿਸ਼ੇਸ਼ ਧਿਆਨ ਇਹ ਯਕੀਨੀ ਬਣਾਉਣ 'ਤੇ ਹੈ ਕਿ ਕੋਈ ਵੀ ਪਰਿਵਾਰ ਜ਼ਰੂਰੀ ਭੋਜਨ ਪਦਾਰਥਾਂ ਤੋਂ ਵਾਂਝਾ ਨਾ ਰਹੇ।

# ਪੰਜਾਬ ਸੀਵਰੇਜ਼ ਬੋਰਡ ਇੰਪਲਾਈਜ਼ ਕੰਨਟ੍ਰੈਕਟਰ ਵਰਕਰ ਯੂਨੀਅਨ ਦੀ ਮੀਟਿੰਗ ਹੋਈ

## 28 ਮਈ ਤੋਂ ਮੁਕੰਮਲ ਕੰਮ ਦਾ ਬਾਈਕਾਟ ਕਰਕੇ ਹੈਂਡ ਆਫਿਸ ਚੰਡੀਗੜ੍ਹ ਦਿੱਤਾ ਜਾਵੇਗਾ ਧਰਨਾ

**ਨਵਾਂਸ਼ਹਿਰ 25 ਮਈ (ਜਤਿੰਦਰ ਪਾਲ ਸਿੰਘ ਕਲੇਰ )-** ਪੰਜਾਬ ਸੀਵਰੇਜ਼ ਬੋਰਡ ਇੰਪਲਾਈਜ਼ ਕੰਨਟ੍ਰੈਕਟਰ ਵਰਕਰ ਯੂਨੀਅਨ ਦੀ ਮੀਟਿੰਗ ਜਿਲਾ ਪ੍ਰਧਾਨ ਮੇਜਰ ਸਿੰਘ ,ਸੀਨੀਅਰ ਉਪ ਪ੍ਰਧਾਨ ਬਲਵੀਰ ਸਿੰਹ, ਉਪ ਪ੍ਰਧਾਨ ਪਰਮਜੀਤ ਦੀ ਅਗੁਵਾਈ ਵਿੱਚ ਹੋਈ । ਜਿਸ ਵਿੱਚ ਲਗਾਤਾਰ ਨਿਗੁਣੇ ਵੇਤਨ ਤੇ 15/15 ਸਾਲਾਂ ਤੋਂ ਕੰਮ ਕਰਦੇ ਆ ਰਹੇ



ਕੰਟਰੈਕਟ ਮੁਲਾਜ਼ਮਾਂ ਨੂੰ ਅਜੇ ਤੱਕ ਵਿਭਾਗ ਵਿੱਚ ਪੱਕਾ ਨਹੀ ਕੀਤਾ ਗਿਆ । ਸਾਢੇ ਚਾਰ ਸਾਲ ਸਿਵਾਏ ਲਾਰਿਆ ਦੇ ਕੁਝ ਵੀ ਸਰਕਾਰ ਨੇ ਨਹੀ ਦਿੱਤਾ । ਇਸ ਲਈ ਸੂਬਾ ਕਮੇਟੀ ਵਲੋਂ 28 ਤੋ ਮੁਕੰਮਲ ਕੰਮ ਦਾ ਬਾਈਕਾਟ ਕਰਕੇ ਹੈਂਡ ਆਫਿਸ ਚੰਡੀਗੜ੍ਹ ਵਿਖੇ ਧਰਨਾ ਲਗਾਇਆ ਜਾਵੇਗਾ । ਉਨ੍ਹਾਂ ਕਿਹਾ ਕਿ ਨਵਾਂਸ਼ਹਿਰ ਤੋਂ ਵੀ ਸਮੂਹ ਕੰਨਟ੍ਰੈਕਟਰ ਵਰਕਰਜ਼ ਮੁਕੰਮਲ ਕੰਮਕਾਜ ਬੰਦ ਕਰਕੇ ਹੈਡ ਆਫਿਸ ਚੰਡੀਗੜ੍ਹ ਧਰਨੇ ਵਿੱਚ ਸ਼ਾਮਲ ਹੋਣਗੇ।

# ਸੰਜੀਵ ਸ਼ਰਮਾ ਵਧੀਕ ਡਿਪਟੀ ਕਮਿਸ਼ਨਰ (ਜ) ਸ਼ਹੀਦ ਭਗਤ ਸਿੰਘ ਨਗਰ ਨੇ ਪਿੰਡ ਸਿੰਬਲ ਮਜਾਰਾ ਨਿਵਾਸੀ ਕਾਬਲ ਰਾਮ ਨੂੰ ਦਿੱਤਾ ਆਈ-ਕਾਰਡ

**ਨਵਾਂਸ਼ਹਿਰ 25 ਮਈ (ਮਨੋਰੰਜਨ ਕਾਲੀਆ-ਸੰਜੀਵ** ਸ਼ਰਮਾ ਵਧੀਕ ਡਿਪਟੀ ਕਮਿਸ਼ਨਰ (ਜ) ਸ਼ਹੀਦ ਭਗਤ ਸਿੰਘ ਨਗਰ ਨੇ ਪਿੰਡ ਸਿੰਬਲ ਮਜਾਰਾ ਨਿਵਾਸੀ ਕਾਬਲ ਰਾਮ ਪੁੱਤਰ ਸੰਤ ਰਾਮ ਨੂੰ ਆਈ-ਕਾਰਡ ਦਿੱਤਾ। ਇਸ ਮੌਕੇ ਸ੍ਰੀ ਸੰਜੀਵ ਸ਼ਰਮਾ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮ੍ਰਿਤਕ ਦੇਹ ਨੂੰ ਅਗਨੀ ਭੇਟ ਕਰਨ ਦੀ ਬਜਾਏ ਜੇਕਰ ਮੈਡੀਕਲ ਕਾਲਜ ਨੂੰ ਦਾਨ ਕਰ ਦਿੱਤਾ ਜਾਵੇ ਤਾਂ ਇਹ ਡਾਕਟਰੀ ਦੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਸਾਬਤ ਹੋਵੇਗਾ। ਸ੍ਰੀ ਸ਼ੰਜੀਵ ਸ਼ਰਮਾ ਨੇ ਇਸ ਸੇਵਾ ਕਾਰਜ ਵਿੱਚ ਸਹਿਯੋਗ ਦੇਣ ਵਾਲੇ ਸਰੀਰ ਦਾਨੀ ਸੱਜਣਾਂ ਅਤੇ ਦੋਆਬਾ ਸੇਵਾ ਸੰਮਤੀ ਦੇ ਮੈਂਬਰਾਂ ਦਾ ਦੇਸ਼ ਦੀ ਸੇਵਾ ਵਿੱਚ ਸਹਿਯੋਗ ਦੇਣ ਲਈ ਧੰਨਵਾਦ ਕੀਤਾ! ਇਸ ਮੌਕੇ ਦੋਆਬਾ ਸੇਵਾ ਸੰਮਤੀ ਤੋਂ ਰਤਨ ਕੁਮਾਰ ਜੈਨ , ਮਾਸਟਰ ਹੁਸਨ ਲਾਲ, ਅਤੇ ਹੋਰ ਮੈਂਬਰਾਂ ਨੇ ਸੰਮਤੀ ਵੱਲੋਂ ਕੀਤੇ ਜਾ ਰਹੇ ਸੇਵਾ ਕਾਰਜਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਦੋਆਬਾ ਸੇਵਾ ਸੰਮਤੀ ਨੇ ਦੱਸਿਆ ਕਿ ਮਰਨ ਉਪਰੰਤ ਸਰੀਰ ਦਾਨ ਕਰਨ ਦੇ



**ਸੰਜੀਵ ਸ਼ਰਮਾ ਵਧੀਕ ਡਿਪਟੀ ਕਮਿਸ਼ਨਰ (ਜ) ਸ਼ਹੀਦ ਭਗਤ ਸਿੰਘ ਨਗਰ ਪਿੰਡ ਸਿੰਬਲ ਮਜਾਰਾ ਨਿਵਾਸੀ ਕਾਬਲ ਰਾਮ ਨੂੰ ਆਈ ਕਾਰਡ ਦਿੰਦੇ ਹੋਏ ਨਾਲ ਦੋਆਬਾ ਸੇਵਾ ਸਮੰਤੀ ਦੇ ਅਹੁੱਦੇਦਾਰ ਅਤੇ ਮੈਂਬਰ। ਤਸਵੀਰ**

ਚਾਹਵਾਨਾਂ ਦੇ ਫਾਰਮ ਭਰ ਕੇ ਮੈਡੀਕਲ ਕਾਲਜ ਵਿਖੇ ਭੇਜੇ ਜਾਂਦੇ ਹਨ, ਜਿੱਥੋਂ ਉਨ੍ਹਾਂ ਦੇ ਆਈ-ਕਾਰਡ ਬਣਾਏ ਜਾਂਦੇ ਹਨ।ਉਨ੍ਹਾਂ ਦੱਸਿਆ ਕਿ ਅੱਜ 147 ਵੇਂ ਸਰੀਰ ਦਾਨੀਆਂ ਨੂੰ ਆਈ-ਕਾਰਡ ਦਿੱਤੇ ਗਏ। ਇਸ ਮੌਕੇ ਦਾਨੀ ਕਾਬਲ ਰਾਮ ਨੇ ਕਿਹਾ ਕਿ ਜੇਕਰ ਮਰਨ ਤੋਂ ਬਾਅਦ ਕੋਈ ਵਿਦਿਆਰਥੀ ਉਨ੍ਹਾਂ ਦੇ ਸਰੀਰ ਤੋਂ ਸਿੱਖਿਆ ਲੈ ਕੇ ਡਾਕਟਰ ਬਣ ਕੇ ਹੋਰ ਜ਼ਿੰਦਗੀਆਂ ਬਚਾ ਲਵੇ ਤਾਂ ਉਨ੍ਹਾਂ ਦਾ ਜਨਮ ਅਤੇ ਮਰਨ ਦੋਵੇਂ ਸਫ਼ਲ ਹੁੰਦੇ ਹਨ। ਕਾਬਲ ਰਾਮ ਨੇ ਦੱਸਿਆ ਕਿ ਉਸ ਨੇ ਆਪਣੇ ਪਰਿਵਾਰਕ ਮੈਂਬਰਾਂ ਪਤਨੀ ਸਰੋਜ ਰਾਣੀ , ਬੇਟਾ ਜੀਵਨ ਕੁਮਾਰ , ਅਮਿਤ ਕੁਮਾਰ ਅਤੇ ਨੂੰਹਾ ਕੁਲਵਿੰਦਰ ਕੌਰ, ਪ੍ਰਤਿਭਾ ਸਰੋਏ ਭਰਾ ਗਿਆਨ ਸਿੰਘ ਅਤੇ ਪਰਮਜੀਤ ਸਿੰਘ ਦੀ ਸਹਿਮਤੀ ਨਾਲ ਸਰੀਰ ਦਾਨ ਕਰਨ ਦਾ ਫਾਰਮ ਭਰਿਆ ਹੈ। ਇਸ ਮੌਕੇ ਦੋਆਬਾ ਸੇਵਾ ਸੰਮਤੀ ਦੇ ਸਕੱਤਰ ਰਤਨ ਕੁਮਾਰ ਜੈਨ, ਮਾਸਟਰ ਹੁਸਨ ਲਾਲ,ਅਸ਼ੋਕ ਸ਼ਰਮਾ ਸੇਵਾਮੁਕਤ ਸੁਪਰਡੈਂਟ, ਅਸ਼ੋਕ ਸ਼ਰਮਾ ਸੇਵਾ ਮੁਕਤ ਬੈਂਕ ਮੈਨੇਜਰ,ਪਰਮਜੀਤ ਸਿੰਘ ਹਾਜ਼ਰ ਸਨ।

## ਗੌਤਮ ਮਰਵਾਹਾ ਤੇ ਵਿਵੇਕ ਮਰਵਾਹਾ ਦੀ ਮਾਤਾ ਸ੍ਰੀਮਤੀ ਵੀਨਾ ਮਰਵਾਹਾ ਨਮਿਤ ਪਾਠ ਦਾ ਭੋਗ ਤੇ ਰਸਮ ਪਗੜੀ ਅੱਜ

**ਫਿਲੌਰ/ਅੱਪਰਾ, 25 ਮਈ (ਦੀਪਾ)** ਗੌਤਮ ਮਰਵਾਹਾ ਤੇ ਵਿਵੇਕ ਮਰਵਾਹਾ ਦੀ ਮਾਤਾ ਸ੍ਰੀਮਤੀ ਵੀਨਾ ਮਰਵਾਹਾ (ਸੁਪਤਨੀ ਸਵ. ਅਸ਼ੋਕ ਮਰਵਾਹਾ ਸਾਬਕਾ ਸਰਪੰਚ ਅੱਪਰਾ) ਦੀ ਬੀਤੇ ਦਿਨੀਂ ਬੇਵਕਤੀ ਮੌਤ ਹੋ ਗਈ ਹੈ। ਉਨਾਂ ਦੀ ਮੌਤ ਤੇ ਵੱਖ ਵੱਖ ਰਾਜਨੀਤਿਕ ਪਾਰਟੀਆਂ, ਸਮਾਜ ਸੇਵੀ ਸੰਸਥਾਵਾਂ, ਇਲ-ਾਕੇ ਦੇ ਨੰਬਰਦਾਰਾਂ, ਸਰਪੰਚਾਂ, ਪੰਚਾਂ ਤੇ ਪ੍ਰੈਸ ਕਲੱਬ ਅੱਪਰਾ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਤੇ ਪਿੱਛੋਂ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ। ਸ੍ਰੀਮਤੀ ਵੀਨਾ ਮਰਵਾਹਾ ਨਮਿਤ ਪਾਠ ਦਾ ਭੋਗ ਤੇ ਰਸਮ ਪਗੜੀ ਅੱਜ ਮਿਤੀ 26 ਮਈ ਦਿਨ ਮੰਗਲਵਾਰ ਨੂੰ ਸ੍ਰੀ ਲਕਸ਼ਮੀ ਨਰਾਇਣ ਮੰਦਰ ਧਰਮਸ਼ਾਲਾ ਨੇੜੇ ਡੀ ਏ ਵੀ ਪਬਲਿਕ ਸਕੂਲ ਬੀ ਆਰ ਐਸ ਨਗਰ ਲੁਧਿਆਣਾ ਵਿਖੇ ਬਾਅਦ ਦੁਪਹਿਰ 2 ਵਜੇ ਤੋਂ ਲੈ ਕੇ 3 ਵਜੇ ਤੱਕ ਹੋਵੇਗੀ।



## ਗੁਰੂ ਹਰਿ ਰਾਇ ਖਾਲਸਾ ਸੀਨੀਅਰ ਸੰਕੈਂਡਰੀ ਸਕੂਲ ਦਾ ਨਤੀਜਾ ਸੌ ਫੀਸਦੀ ਰਿਹਾ



**ਫਿਲੌਰ/ਅੱਪਰਾ 25 ਮਈ (ਦੀਪਾ)-**ਗੁਰੂ ਹਰਿ ਰਾਇ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੁਸਾਂਝ ਕਲਾਂ ਦਾ ਨਤੀਜਾ ਰਿਹਾ ਸੌ ਫ਼ੀਸਦੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਨਰੇਸ਼ ਕੁਮਾਰ ਨੇ ਦੱਸਿਆ ਹੈ ਕਿ ਅੱਠਵੀਂ ਜਮਾਤ ਦੇ ਦਿਲਸ਼ਾਨ ਰਾਮ ਰੱਤੂ 537/600 (89%) ਪਹਿਲਾ ਸਥਾਨ ਪ੍ਰਾਪਤ ਕੀਤਾ, ਇਸ ਤਰ੍ਹਾਂ ਮਨਜੋਤ ਰਾਏ 470/600 (78%) ਦੂਸਰਾ ਸਥਾਨ ਪ੍ਰਾਪਤ ਕੀਤਾ। ਗੁਰਜੋਤ ਸਿੰਘ ਨੇ 442/600 (73%) ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਦਸਵੀਂ ਕਾਲਾਸ ਦੇ ਨਵਜੋਤ ਕੁਮਾਰ ਦਦਰਾਲ ਨੇ 513/650 (79%) ਪਹਿਲਾ ਸਥਾਨ, ਸਤਵਿੰਦਰ ਕੌਰ ਨੇ 448/650 (69%) ਦੂਸਰਾ ਸਥਾਨ ਪ੍ਰਾਪਤ ਕੀਤਾ। ਆਰੀਅਨ ਨੇ 444/650 (68.5%) ਤੀਸਰਾ ਸਥਾਨ ਪ੍ਰਾਪਤ ਕੀਤਾ। ਬਾਰਵੀਂ ਕਲਾਸ ਵਿੱਚੋ ਰਾਜਦੀਪ ਸਿੰਘ 311/500 (62.2/) ਪਹਿਲਾ ਸਥਾਨ, ਸਿੰਮੀ 294/500 (58.8%) ਦੂਸਰਾ ਸਥਾਨ ਪ੍ਰਾਪਤ ਕੀਤਾ। ਮਾਨਸੀ ਨੇ 289/500 (51.8%) ਤੀਸਰਾ ਸਥਾਨ ਹਾਸਲ ਕੀਤਾ। ਉਨ੍ਹਾਂ ਅੱਗੇ ਦੱਸਿਆ ਕਿ ਇਸ ਕਾਮਯਾਬੀ ਪਿੱਛੇ ਅਧਿਆਪਕਾਂ, ਮਾਪਿਆਂ ਅਤੇ ਸਕੂਲ ਦੀ ਪ੍ਰਬੰਧਕ ਕਮੇਟੀ ਦੀ ਯੋਗ ਅਗਵਾਈ ਦੱਸਿਆ। ਇਸ ਮੌਕੇ ਸਮੂਹ ਸਟਾਫ ਨੇ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆ ਦਾ ਮਠਿਆਈ ਖਵਾ ਕੇ ਮੂੰਹ ਮਿੱਠਾ ਕਰਵਾਇਆ ਤੇ ਵਧਾਈਆ ਦਿੱਤੀਆਂ। ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਹਿੰਦਰ, ਉਪ-ਪ੍ਰਧਾਨ ਤੇਜਪਾਲ ਸਿੰਘ ਦੁਸਾਂਝ, ਸਕੱਤਰ ਪ੍ਰਿੰਸੀਪਲ ਹਰੀ ਦੱਤ ਸ਼ਰਮਾ, ਮੈਨੇਜਰ ਸ. ਜਸਵਿੰਦਰ ਸਿੰਘ ਨੇ ਸਟਾਫ, ਵਿਦਿਆਰਥੀਆਂ ਅਤੇ ਮਾਪਿਆ ਨੂੰ ਵਧਾਈ ਦਿੱਤੀ।

## ਜਵਾਹਰ ਨਵੋਦਿਆ ਦੀ ਪ੍ਰੀਖਿਆ 'ਚ ਪਾਸ ਹੋਣ 'ਤੇ ਪੰਜਵੀਂ ਕਲਾਸ ਦੀ ਵਿਦਿਆਰਥਣ ਜੈਸਮੀਨ ਨੂੰ ਕੀਤਾ ਸਨਮਾਨਿਤ




**ਫਿਲੌਰ/ਅੱਪਰਾ, 25 ਮਈ (ਦੀਪਾ)-**ਕਰੀਬੀ ਪਿੰਡ ਪਾਲਨੌਂ ਦੀ ਪੰਜਵੀਂ ਕਲਾਸ ਵਿੱਚ ਪੜ੍ਹਦੀ ਵਿਦਿਆਰਥਣ ਜੈਸਮੀਨ ਪੁੱਤਰੀ ਇਕਬਾਲਜੀਤ ਮਾਤਾ ਪਿੰਕੀ ਰਾਣੀ ਨੂੰ ਐੱਸ ਐੱਮ ਸੀ ਕਮੇਟੀ, ਗ੍ਰਾਮ ਪੰਚਾਇਤ ਤੇ ਸਮੂਹ ਅਧਿਆਪਕਾਂ ਵਲੋਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸਕੂਲ ਦੀ ਮੁੱਖ ਅਧਿਆਪਕਾ ਸ੍ਰੀਮਤੀ ਜਤਿੰਦਰ ਕੌਰ ਨੇ ਕਿਹਾ ਕਿ ਜੈਸਮੀਨ ਦੀ ਇਸ ਸਫਲਤਾ ਨੇ ਸਕੂਲ, ਪਿੰਡ , ਸਮੂਹ ਅਧਿਆਪਕਾਂ ਤੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ। ਇਸ ਮੌਕੇ ਸਰਪੰਚ ਜਰਨੈਲ ਸਿੰਘ, ਕੁਲਦੀਪ ਸਿੰਘ ਪੰਚ, ਸੁਰਿੰਦਰ ਸਿੰਘ ਪੰਚ, ਅਮਰੀਕ ਸਿੰਘ ਸੈਂਹਬੀ, ਪਰਮਜੀਤ ਸਿੰਘ ਸੈਂਹਬੀ, ਕਸ਼ਮੀਰ ਕੌਰ, ਰਿੰਕੂ, ਪਿੰਕੀ ਰਾਣੀ, ਮਨਜੀਤ ਕੌਰ, ਜਸਵਿੰਦਰ ਕੌਰ, ਗੁਰਨਾਮ ਸਿੰਘ ਥਾਂਦੀ ਵੀ ਹਾਜ਼ਰ ਸਨ।

# ਡੇਟਨ ਓਹਾਇਓ ਵਿਖੇ ਰੀਜਨਲ 'ਸਿਆਨਾ ਸਿੱਖ ਯੂਥ ਸਿਮਪੋਜ਼ੀਅਮ 2026' ਕਰਵਾਇਆ ਗਿਆ

**ਵਲੋਂ: ਸਮੀਪ ਸਿੰਘ ਗੁਮਟਾਲਾ**

**ਡੇਟਨ, ਓਹਾਇਓ:** ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ (ਸਿਆਨਾ), ਸੰਸਥਾ ਵਲੋਂ ਕਰਵਾਏ ਜਾਂਦੇ ਸਾਲਾਨਾ ਸਿੱਖ ਯੂਥ ਸਿਮਪੋਜ਼ੀਅਮ 2026 ਸੰਬੰਧੀ ਓਹਾਇਓ ਅਤੇ ਪੈਨਸਿਲਵੇਨੀਆ ਸੂਬਿਆਂ ਦੇ ਖੇਤਰੀ (ਰੀਜਨਲ) ਪੱਧਰ ਦੇ ਭਾਸ਼ਣ ਹਾਲ ਹੀ ਵਿੱਚ ਅਮਰੀਕਾ ਦੇ ਓਹਾਇਓ ਸੂਬੇ ਦੇ ਸ਼ਹਿਰ ਡੇਟਨ ਸਥਿਤ ਸਿੱਖ ਸੋਸਾਇਟੀ ਆਫ ਡੇਟਨ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਗਏ। ਇਸ ਰੀਜਨਲ ਸਿਮਪੋਜ਼ੀਅਮ ਵਿੱਚ ਡੇਟਨ, ਸਿਨਸਿਨਾਟੀ, ਕੋਲੰਬਸ, ਕਲੀਵਲੈਂਡ ਅਤੇ ਪਿਟਸਬਰਗ ਸ਼ਹਿਰਾਂ ਦੇ 6 ਤੋਂ 22 ਸਾਲ ਤੱਕ ਦੇ 37 ਬੱਚਿਆਂ ਅਤੇ ਨੌਜਵਾਨਾਂ ਨੇ ਭਾਗ ਲਿਆ।

ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਡੇਟਨ ਅਤੇ ਸਿਨਸਿਨਾਟੀ ਖੇਤਰ ਦੇ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਸਥਾਨਕ ਪੱਧਰ 'ਤੇ ਹੋਏ ਸਿਮਪੋਜ਼ੀਅਮ ਦੇ ਜੇਤੂ ਬੱਚੇ ਰੀਜਨਲ ਸਿਮਪੋਜ਼ੀਅਮ ਵਿੱਚ ਭਾਗ ਲੈਂਦੇ ਹਨ। ਭਾਗ ਲੈਣ ਵਾਲੇ ਬੱਚਿਆਂ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ ਵਿੱਚ ਵੰਡਿਆ ਜਾਂਦਾ ਹੈ। ਹਰੇਕ ਗਰੁੱਪ ਨੂੰ ਕੁਝ ਮਹੀਨੇ ਪਹਿਲਾਂ ਇੱਕ ਕਿਤਾਬ ਜਾਂ ਵਿਸ਼ਾ ਅਤੇ ਤਿੰਨ ਸਵਾਲ ਦਿੱਤੇ ਜਾਂਦੇ ਹਨ, ਜਿਨ੍ਹਾਂ ਦੇ ਜਵਾਬ ਭਾਸ਼ਣ ਦੇ ਰੂਪ ਵਿੱਚ ਪੇਸ਼ ਕੀਤੇ ਜਾਂਦੇ ਹਨ। ਸਾਲ 2026 ਦੇ ਸਿਮਪੋਜ਼ੀਅਮ ਲਈ ਪਹਿਲੇ ਗਰੁੱਪ ਨੂੰ "ਮਾਈ ਗੁਰੂਜ਼ ਬਲੈਸਿੰਗਜ਼ - ਬੁੱਕ 6", ਦੂਜੇ ਗਰੁੱਪ ਨੂੰ "ਦੀ ਵਾਰੀਅਰ ਪ੍ਰਿੰਸੈਸ - ਪਾਰਟ 2", ਤੀਜੇ ਗਰੁੱਪ ਨੂੰ "ਟੀਚਿੰਗ ਸਿੱਖ ਹੈਰੀਟੇਜ ਟੂ ਦੀ ਯੂਥ" ਅਤੇ ਚੌਥੇ ਗਰੁੱਪ ਨੂੰ "ਦੀ ਮੈਸੇਜ ਆਫ ਗੁਰਬਾਣੀ - ਆਨੰਦ" ਪੁਸਤਕਾਂ ਦਿੱਤੀਆਂ ਗਈਆਂ। ਪੰਜਵੇਂ ਗਰੁੱਪ ਦਾ ਵਿਸ਼ਾ "ਗੁਰੂਜ਼ ਵੀਊ ਆਫ ਏ ਜਸਟ ਵਰਲਡ - ਬੇਗਮਪੁਰਾ ਸਹਰ ਕੋ ਨਾਉ" ਰੱਖਿਆ ਗਿਆ, ਜਿਸ ਰਾਹੀਂ ਨੌਜਵਾਨਾਂ ਨੇ ਬਰਾਬਰੀ, ਮਨੁੱਖੀ ਮਰਿਆਦਾ, ਸਮਾਜਿਕ ਨਿਆਂ, ਲੰਗਰ ਅਤੇ ਗੁਰੂ ਸਾਹਿਬ ਦੀ ਨਿਆਂਪੂਰਨ ਸੰਸਾਰ ਬਾਰੇ ਦ੍ਰਿਸ਼ਟੀ 'ਤੇ ਆਪਣੇ ਵਿਚਾਰ ਪੇਸ਼ ਕੀਤੇ।



**ਰੀਜਨਲ ਸਿੱਖ ਯੂਥ ਸਿਮਪੋਜ਼ੀਅਮ 2026 'ਚ ਸ਼ਮੂਲੀਅਤ ਕਰਨ ਵਾਲੇ ਬੱਚੇ, ਪਰਿਵਾਰਕ ਮੈਂਬਰ ਅਤੇ ਸੇਵਾਦਾਰ।**

ਸਿਮਪੋਜ਼ੀਅਮ ਦੀ ਅਰੰਭਤਾ ਅਤੇ ਸਮਾਪਤੀ ਅਰਦਾਸ ਅਤੇ ਹੁਕਮਨਾਮਾ ਲੈ ਕੇ ਹੋਈ। ਭਾਗ ਲੈਣ ਵਾਲੇ ਬੱਚਿਆਂ ਅਤੇ ਨੌਜਵਾਨਾਂ ਨੇ ਸਿੱਖ ਧਰਮ, ਗੁਰਬਾਣੀ, ਸਿੱਖ ਇਤਿਹਾਸ ਅਤੇ ਗੁਰਮਤਿ ਸਿਧਾਂਤਾਂ ਨਾਲ ਸੰਬੰਧਤ ਵੱਖ-ਵੱਖ ਵਿਸ਼ਿਆਂ ਬਾਰੇ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਆਪਣੇ ਵਿਚਾਰ ਪੇਸ਼ ਕੀਤੇ। ਭਾਸ਼ਣਾਂ ਵਿੱਚ ਆਤਮ-ਵਿਸ਼ਵਾਸ, ਸਪੱਸ਼ਟਤਾ ਅਤੇ ਤਿਆਰੀ ਦੇ ਨਾਲ-ਨਾਲ ਸਿੱਖੀ ਪ੍ਰਤੀ ਉਹਨਾਂ ਦਾ ਪਿਆਰ ਵੀ ਸਪੱਸ਼ਟ ਝਲਕਦਾ ਸੀ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ, ਸੇਵਾਦਾਰਾਂ, ਮਾਪਿਆਂ ਅਤੇ ਸੰਗਤ ਦੇ ਸਹਿਯੋਗ ਨਾਲ ਇਹ ਸਿਮਪੋਜ਼ੀਅਮ ਸਫਲਤਾਪੂਰਵਕ ਸੰਪੰਨ ਹੋਇਆ। ਸਥਾਨਕ ਅਤੇ ਦੂਰੋਂ ਆਈਆਂ ਸੰਗਤਾਂ ਲਈ ਸਾਰਾ ਦਿਨ ਲੰਗਰ ਦੀ ਸੇਵਾ ਕੀਤੀ ਗਈ। ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਉਹਨਾਂ ਦੀ ਮਿਹਨਤ ਅਤੇ ਸਮਰਪਣ ਲਈ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ।

ਸਿਆਨਾ ਦੇ ਨੈਸ਼ਨਲ ਕਨਵੀਨਰ ਸ. ਕੁਲਦੀਪ ਸਿੰਘ ਅਨੁਸਾਰ ਸੰਸਥਾ ਵਲੋਂ ਇਹ ਸਿਮਪੋਜ਼ੀਅਮ ਪਹਿਲਾਂ ਅਮਰੀਕਾ ਅਤੇ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਸਥਾਨਕ ਪੱਧਰ 'ਤੇ ਕਰਵਾਏ ਜਾਂਦੇ ਹਨ, ਫਿਰ ਰੀਜਨਲ ਪੱਧਰ ਦੇ ਸਿਮਪੋਜ਼ੀਅਮ ਹੁੰਦੇ ਹਨ ਅਤੇ ਉਸ ਤੋਂ ਬਾਅਦ ਰੀਜਨਲ ਪੱਧਰ ਦੇ ਜੇਤੂ ਅੰਤਰਰਾਸ਼ਟਰੀ ਸਿੱਖ ਯੂਥ ਸਿਮਪੋਜ਼ੀਅਮ ਵਿੱਚ ਭਾਗ ਲੈਂਦੇ ਹਨ। ਉਨ੍ਹਾਂ ਦੱਸਿਆ ਕਿ ਅਮਰੀਕਾ ਅਤੇ ਕੈਨੇਡਾ ਨੂੰ ਕੁੱਲ 13 ਹਿੱਸਿਆਂ ਵਿੱਚ ਵੰਡਿਆ ਗਿਆ ਹੈ, ਜਿਨ੍ਹਾਂ ਵਿੱਚ ਓਹਾਇਓ-ਪੈਨਸਿਲਵੇਨੀਆ ਰੀਜਨ ਵੀ ਸ਼ਾਮਲ ਹੈ। ਉਨ੍ਹਾਂ ਅੱਗੇ ਕਿਹਾ ਕਿ ਸਿਮਪੋਜ਼ੀਅਮ ਦੀ ਤਿਆਰੀ ਨਾਲ ਬੱਚਿਆਂ ਨੂੰ ਜਿੱਥੇ ਸਿੱਖ ਇਤਿਹਾਸ, ਗੁਰਬਾਣੀ ਅਤੇ ਸਿੱਖ ਵਿਰਸੇ ਬਾਰੇ ਜਾਣਕਾਰੀ ਮਿਲਦੀ ਹੈ, ਉਥੇ ਉਹਨਾਂ ਨੂੰ ਭਾਸ਼ਣ ਲਿਖਣ, ਵਿਚਾਰ ਕਰਨ ਅਤੇ ਆਤਮ-ਵਿਸ਼ਵਾਸ ਨਾਲ ਬੋਲਣ ਦੀ ਕਲਾ ਵੀ ਸਿੱਖਣ ਦਾ ਮੌਕਾ ਮਿਲਦਾ ਹੈ। ਰੀਜਨਲ ਸਿਮਪੋਜ਼ੀਅਮ ਦੇ ਜੇਤੂ ਹੁਣ 30 ਜੁਲਾਈ ਤੋਂ 2 ਅਗਸਤ, 2026 ਤੱਕ ਐਟਲਾਂਟਾ, ਜਾਰਜੀਆ ਵਿਖੇ ਹੋਣ ਵਾਲੇ ਅੰਤਰਰਾਸ਼ਟਰੀ ਸਿੱਖ ਯੂਥ ਸਿਮਪੋਜ਼ੀਅਮ ਵਿੱਚ ਭਾਗ ਲੈਣਗੇ।

**ਸਮੀਪ ਸਿੰਘ ਗੁਮਟਾਲਾ**
**ਓਹਾਇਓ, ਅਮਰੀਕਾ**
**+1-937-654-8873**

# ਸਟੈਨਫੋਰਡ ਇੰਟਰਨੈਸ਼ਨਲ ਸਕੂਲ ਦੇ ਸਟਾਫ ਵੱਲੋਂ ਠੰਡੇ ਮਿੱਠੇ ਪਾਣੀ ਦੀ ਛਬੀਲ ਲਗਾਈ

**ਮਹਿਲ ਕਲਾਂ, 25 ਮਈ (ਗੁਰਭਿੰਦਰ ਗੁਰੀ)** : ਗਰਮੀ ਦੇ ਵਧਦੇ ਪ੍ਰਕੋਪ ਨੂੰ ਦੇਖਦੇ ਹੋਏ ਇਲਾਕੇ ਵਿੱਚ ਸਮਾਜਿਕ ਅਤੇ ਧਾਰਮਿਕ ਸੇਵਾਵਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸੇ ਤਹਿਤ ਸਟੈਨਫੋਰਡ ਇੰਟਰਨੈਸ਼ਨਲ ਸਕੂਲ, ਮਹਿਲ ਕਲਾਂ ਦੇ ਸਮੂਹ ਸਟਾਫ ਵੱਲੋਂ ਪ੍ਰਿੰਸੀਪਲ ਸਿੰਪਲ ਠਾਕੁਰ ਦੀ ਅਗਵਾਈ ਹੇਠ ਠੰਡੇ ਮਿੱਠੇ ਪਾਣੀ ਦੀ ਛਬੀਲ ਲਗਾਈ ਗਈ। ਛਬੀਲ ਦੌਰਾਨ ਰਾਹਗੀਰਾਂ, ਵਿਦਿਆਰਥੀਆਂ ਅਤੇ ਇਲਾਕਾ ਵਾਸੀਆਂ ਨੂੰ ਠੰਡਾ ਮਿੱਠਾ ਪਾਣੀ ਛਕਾਇਆ ਗਿਆ ਅਤੇ ਗੁਰੂ ਘਰ ਦੀ ਸੇਵਾ ਭਾਵਨਾ ਨੂੰ ਪ੍ਰਗਟਾਇਆ ਗਿਆ।

ਇਸ ਮੌਕੇ ਸਕੂਲ ਪ੍ਰਬੰਧਕਾਂ ਨੇ ਕਿਹਾ ਕਿ ਗਰਮੀ ਦੇ ਮੌਸਮ ਵਿੱਚ ਪਿਆਸੇ ਲੋਕਾਂ ਨੂੰ ਠੰਡਾ ਪਾਣੀ ਪਿਲਾਉਣਾ ਬਹੁਤ ਵੱਡੀ ਸੇਵਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਸੇਵਾਵਾਂ ਨਾਲ ਨਾ ਸਿਰਫ਼ ਮਨੁੱਖਤਾ ਦੀ ਭਲਾਈ ਹੁੰਦੀ ਹੈ, ਸਗੋਂ ਨੌਜਵਾਨ ਪੀੜ੍ਹੀ ਨੂੰ ਵੀ ਸੇਵਾ ਅਤੇ ਪਰਉਪਕਾਰ ਦਾ ਸੰਦੇਸ਼ ਮਿਲਦਾ ਹੈ।



ਛਬੀਲ ਦੌਰਾਨ ਸਕੂਲ ਦੇ ਸਟਾਫ ਮੈਂਬਰਾਂ ਅਤੇ ਸੇਵਾਦਾਰਾਂ ਨੇ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਸੇਵਾ ਨਿਭਾਈ। ਇਸ ਮੌਕੇ ਇੰਦਰਜੀਤ ਸਿੰਘ ਛੀਨੀਵਾਲ, ਕਰਮਜੀਤ ਸਿੰਘ ਫਰਵਾਹੀ, ਭਗਵਾਨ ਸਿੰਘ, ਹਰਪ੍ਰੀਤ ਸਿੰਘ ਜੋਧਪੁਰ, ਗੁਰਮੇਲ ਸਿੰਘ ਰਾਏਸਰ, ਗੁਰ-ਚਰਨ ਸਿੰਘ ਛੀਨੀਵਾਲ ਕਲਾਂ, ਡੀ.ਸੀ. ਮਹਿਲ ਕਲਾਂ, ਗਗਨਾਂ ਚੰਨਣਵਾਲ, ਕਾਲਾ ਸਿੰਘ ਸਹਿਜੜਾ, ਕਾਲਾ ਭੋਤਨਾ, ਹਰਪ੍ਰੀਤ ਸਿੰਘ ਸੰਘੇੜਾ, ਸ਼ੇਰ ਸਿੰਘ ਛੀਨੀਵਾਲ ਕਲਾਂ, ਬਲਵੰਤ ਸਿੰਘ ਭੋਤਨਾ, ਨਿਰਮਲ ਸਿੰਘ ਭੋਤਨਾ ਅਤੇ ਗੱਗੂ ਵਿਰਕ ਸਮੇਤ ਹੋਰ ਵਰਕਰਾਂ ਨੇ ਸੇਵਾ ਨਿਭਾਈ।

ਇਲਾਕਾ ਵਾਸੀਆਂ ਨੇ ਸਕੂਲ ਸਟਾਫ ਦੀ ਇਸ ਉਪਰਾਲੇ ਦੀ ਭਰਪੂਰ ਸਰਾਹਨਾ ਕਰਦਿਆਂ ਕਿਹਾ ਕਿ ਅਜਿਹੀਆਂ ਮਨੁੱਖਤਾ ਭਰੀਆਂ ਸੇਵਾਵਾਂ ਸਮਾਜ ਲਈ ਪ੍ਰੇਰਣਾ ਸਰੂਪ ਹਨ।

## ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਦੀ ਚੜਦੀ ਕਲਾ ਵਾਸਤੇ ਧਾਰਮਿਕ ਸਮਾਗਮ ਕਰਵਇਆ

**ਬਰਨਾਲਾ-25 ਮਈ** 2026- ਜਲਾਵਤਨੀ ਸਿੱਖ ਆਗੂ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਜਨਰਲ ਸਕੱਤਰ ਯੂਨਾਈਟਿਡ ਖਾਲਸਾ ਦਲ ਯੂ.ਕੇ ਅਤੇ ਕੋਆਰਡੀਨੇਟਰ ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ.ਕੇ ਦੀ ਚੜਦੀ ਕਲਾ-ਸਿਹਤਯਾਬੀ ਵਾਸਤੇ ਪਿੰਡ ਚੌਹਾਨਕੇ ਕਲਾਂ ਬਸ਼ਿੰਦਾ ਪੱਤੀ ਦੇ ਗੁਰਦਵਾਰਾ ਸਾਹਿਬ ਵਿਖੇ ਭਾਈ ਅੰਮ੍ਰਿਤਪਾਲ ਸਿੰਘ ਜੋਧਪੁਰੀ ਵੱਲੋਂ ਧਾਰਮਿਕ ਸਮਾਗਮ ਕੀਤਾ ਗਿਆ। ਗੌਰਤਲਬ ਹੈ ਕਿ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਦਾ ਨਾਮ ਅੱਜ-ਕਲ ਪੁਲਿਸ ਮਹਿਕਮੇ ਅਤੇ ਇੰਟੈਲੀਜੈਂਸ ਏਜੰਸੀਆਂ ਵਿੱਚ ਬਹੁਤ ਜਿਆਦਾ ਚਰਚਿਤ ਹੈ। ਪੁਲਿਸ ਅਤੇ ਏਜੰਸੀਆਂ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨਾਲ ਟੈਲੀਫੋਨ ਤੇ ਰਾਬਤਾ ਕਰਨ ਅਤੇ ਉਸ ਪਾਸੋਂ ਆਰਥਿਕ ਸਹਾਇਤਾ ਪ੍ਰਾਪਤ ਕਰਨ ਵਾਲਿਆਂ ਨੂੰ ਪੰਜਾਬ ਭਰ ਦੇ ਪੁੱਛ-ਗਿੱਛ ਕੇਂਦਰਾਂ ਵਿੱਚ ਸੱਦ ਰਹੀ ਹੈ। ਏਜੰਸੀਆਂ ਵੱਲੋਂ ਇਹਨਾਂ ਵਿਅਕਤੀਆਂ ਦੀ ਗਿਣਤੀ ਇੱਕ ਸੌ ਤੋਂ ਜਿਆਦਾ ਦੱਸੀ ਗਈ ਹੈ। ਕਈ ਪਰਿਵਾਰਾਂ ਨੂੰ ਤਿੰਨ-ਤਿੰਨ ਵਾਰ ਸੱਦਿਆ ਜਾ ਚੁੱਕਾ ਹੈ। ਜਿਹਨਾਂ ਵਿੱਚ ਕਈ ਸ਼ਹੀਦ ਪਰਿਵਾਰ ਵੀ ਹਨ। ਕੁੱਝ ਵਿਅਕਤੀਆਂ ਪਾਸੋ ਲਿਖਤੀ ਤੌਰ ਤੇ ਭਰੋਸਾ ਲਿਆ ਗਿਆ ਹੈ ਕਿ ਉਹ ਭਵਿੱਖ ਵਿੱਚ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨਾਲ ਕਿਸੇ ਵੀ ਤਰਾਂ ਦਾ ਸੰਪਰਕ ਨਹੀਂ ਕਰਨਗੇ ਅਤੇ ਉਨਾਂ ਕੋਲੋਂ ਆਪਣੇ ਸਾਹਮਣੇ ਨੰਬਰ ਬਲਾਕ ਕਰਵਾਇਆ ਗਿਆ ਹੈ। ਭਾਈ ਅੰਮ੍ਰਿਤਪਾਲ ਸਿੰਘ ਜੋਧਪੁਰੀ ਦੀ ਵੀ ਇਸ ਸਿਲਸਲੇ ਵਿੱਚ ਚਾਰ ਵਾਰ ਭਾਰੀ ਪੁੱਛ-ਗਿੱਛ ਕੀਤੀ ਗਈ ਹੈ। ਪਰ ਉਸਨੇ ਬੇਪ੍ਰਵਾਹੀ ਦਾ ਸਬੂਤ ਦਿੰਦਿਆਂ ਐਤਵਾਰ ਸਵੇਰ ਦੇ ਦੀਵਾਨ ਵਿੱਚ ਆਪਣੇ ਸਮੂਹ ਪਰਿਵਾਰ ਸਮੇਤ ਹਾਜਰੀ ਭਰੀ ਅਤੇ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੀਆਂ ਬੀਬੀਆਂ ਨੇ ਸੁਖਮਨੀ ਸਾਹਿਬ ਦੇ ਪਾਠ ਕੀਤੇ। ਉਪਰੰਤ ਭਾਈ ਅੰਮ੍ਰਿਤਪਾਲ ਸਿੰਘ ਜੋਧਪੁਰੀ ਵੱਲੋਂ ਕਥਾ ਵਿਚਾਰ ਕਰਦਿਆਂ ਹੋਇਆਂ ਦੱਸਿਆ ਗਿਆ ਕਿ ਸਾਨੂੰ ਆਪਣੇ ਧਰਮ ਦੇ ਅਕੀਦੇ ਤੇ ਚੱਲਣਾ ਚਾਹੀਦਾ ਹੈ। ਫਿਰ ਪਰਮਾਤਮਾ ਤੁਹਾਨੂੰ ਹਰ ਮੋੜ 'ਤੇ ਤਾਕਤ ਬਖਸ਼ਦਾ ਹੈ। ਇਮਾਨਦਾਰੀ ਦੇ ਰਸਤੇ ਤੇ ਚੱਲਣ ਵਾਲਿਆਂ ਨੂੰ ਬਹੁਤ ਜਿਆਦਾ ਕਠਿਨਾਈਆਂ ਅਤੇ ਔਖਿਆਈ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰ ਦਿਲ ਵਿੱਚ ਹਮੇਸ਼ਾਂ ਭਲਾਈ ਰੱਖ ਕੇ ਚੱਲਣ ਵਾਲਿਆਂ ਦਾ ਪਰਮਾਤਮਾ ਸਹਾਈ ਹੁੰਦਾ ਹੈ। ਉਹਨਾਂ ਨੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਜੀ ਦੇ ਸੰਘਰਸ਼ੀ ਜੀਵਨ 'ਤੇ ਵੀ ਚਾਨਣਾ ਪਾਇਆ। ਕਿਹਾ ਕਿ ਸਾਨੂੰ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਲੜ ਲੱਗ ਕੇ ਖੰਡੇ ਬਾਟੇ ਦੀ ਪਹੁੱਲ ਛੱਕ ਕੇ ਗੁਰੂ ਵਾਲੇ ਬਣਨਾ ਚਾਹੀਦਾ ਹੈ। ਸਾਡੇ ਜੀਵਨ ਦਾ ਇਹ ਹੀ ਅਸਲ ਮਨੋਰਥ ਹੈ।





# ਕਾਨੂੰਨੀ ਚੇਤਨਾ ਦਾ ਦੀਵਾ: ਮਿੱਤਰ ਸੈਨ ਮੀਤ ਦਾ ਨਾਵਲ 'ਕਟਹਿਰਾ' ਛੇਵੀਂ ਵਾਰ ਪਾਠਕਾਂ ਦੀ ਝੋਲੀ 'ਚ

**ਲੁਧਿਆਣਾ (ਰਮੇਸ਼ਵਰ ਸਿੰਘ):*** ਪੰਜਾਬੀ ਸਾਹਿਤ 'ਚ ਕਾਨੂੰਨੀ ਗਲਪ ਨੂੰ ਨਵੀਂ ਪਛਾਣ ਦੇਣ ਵਾਲੇ ਉੱਘੇ ਨਾਵਲਕਾਰ ਮਿੱਤਰ ਸੈਨ ਮੀਤ 'ਕਾਨੂੰਨੀ ਬਾਈ ਜੀ' ਦੇ ਚਰਚਿਤ ਨਾਵਲ 'ਕਟਹਿਰਾ' ਦਾ ਛੇਵਾਂ ਐਡੀਸ਼ਨ ਛਪ ਕੇ ਬਾਜ਼ਾਰ 'ਚ ਆ ਗਿਆ ਹੈ। ਗੋਰਕੀ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ ਵੱਲੋਂ ਪ੍ਰਕਾਸ਼ਿਤ ਇਸ ਨਾਵਲ ਦੀ ਲਗਾਤਾਰ ਮੰਗ ਇਸਦੀ ਲੋਕਪ੍ਰਿਅਤਾ ਦਾ ਪ੍ਰਮਾਣ ਹੈ।ਮਿੱਤਰ ਸੈਨ ਮੀਤ ਦੇ ਨਾਵਲਾਂ ਦੀ ਖਾਸੀਅਤ ਇਹ ਹੈ ਕਿ ਇਹ ਕਾਨੂੰਨਾਂ ਦੇ ਗੁੰਝਲਦਾਰ ਪਹਿਲੂਆਂ ਨੂੰ ਸਾਧਾਰਨ ਪਾਠਕ ਦੀ ਬੋਲੀ 'ਚ ਪੇਸ਼ ਕਰਦੇ ਹਨ। 'ਕਟਹਿਰਾ' ਵੀ ਅਦਾਲਤੀ ਕਾਰਵਾਈ, ਪੁਲਿਸ ਤਫਤੀਸ਼ ਅਤੇ ਆਮ ਆਦਮੀ ਦੇ ਕਾਨੂੰਨੀ ਹੱਕਾਂ ਨੂੰ ਕਹਾਣੀ ਦੇ ਰੂਪ 'ਚ ਬਿਆਨ ਕਰਦਾ ਹੈ। ਪਾਠਕਾਂ ਦਾ ਮੰਨਣਾ ਹੈ ਕਿ ਇਹ ਨਾਵਲ ਪੜ੍ਹ ਕੇ ਉਨ੍ਹਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕਤਾ ਮਿਲਦੀ ਹੈ। ਨਾਵਲ ਵਿਚ ਦੱਸਿਆ ਗਿਆ ਹੈ ਕਿ ਇਕ ਆਮ ਨਾਗਰਿਕ ਥਾਣੇ ਤੋਂ ਲੈ ਕੇ ਅਦਾਲਤ ਤੱਕ ਆਪਣੀ ਲੜਾਈ ਕਿਵੇਂ ਲੜ ਸਕਦਾ ਹੈ। ਇਸ ਕਰਕੇ ਨੌਜਵਾਨ ਵਕੀਲ, ਕਾਨੂੰਨ ਦੇ ਵਿਦਿਆਰਥੀ ਅਤੇ ਪੁਲਿਸ ਭਰਤੀ ਦੀ ਤਿਆਰੀ ਕਰਨ ਵਾਲੇ ਉਮੀਦਵਾਰ ਇਸ ਨਾਵਲ ਨੂੰ ਖਾਸ ਤੌਰ 'ਤੇ ਪਸੰਦ ਕਰ ਰਹੇ ਹਨ।

ਪ੍ਰਕਾਸ਼ਕਾਂ ਅਨੁਸਾਰ ਪਿਛਲੇ ਪੰਜੇ ਐਡੀਸ਼ਨ ਕੁਝ ਹੀ ਮਹੀਨਿਆਂ ਵਿਚ ਹੱਥੋ ਹੱਥ ਵਿਕ ਗਏ ਸਨ। ਪਾਠਕਾਂ ਦੀ ਲਗਾਤਾਰ ਮੰਗ ਨੂੰ ਮੁੱਖ ਰੱਖਦਿਆਂ ਛੇਵਾਂ ਐਡੀਸ਼ਨ ਛਾਪਿਆ ਗਿਆ ਹੈ। ਨਾਵਲ ਦੀ ਭਾਸ਼ਾ ਸਰਲ ਤੇ ਰੌਚਕ ਹੈ ਜਿਸ ਕਾਰਨ ਨੌਜਵਾਨ ਵਰਗ ਵੀ ਇਸਨੂੰ ਬੜੇ ਚਾਅ ਨਾਲ ਪੜ੍ਹ ਰਿਹਾ ਹੈ। ਪਲਾਟ ਦੀ ਬਣਤਰ ਇੰਨੀ ਮਜ਼ਬੂਤ ਹੈ ਕਿ ਪਾਠਕ ਆਪਣੇ ਆਪ ਨੂੰ ਕਟਹਿਰੇ ਵਿਚ ਖੜ੍ਹਾ ਮਹਿਸੂਸ ਕਰਦਾ ਹੈ। 'ਕਟਹਿਰਾ' ਦਾ







ਇਹ ਨਵਾਂ ਐਡੀਸ਼ਨ ਗੋਰਕੀ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ ਤੋਂ ਇਲਾਵਾ ਪੰਜਾਬ ਦੀਆਂ ਪ੍ਰਮੁੱਖ ਕਿਤਾਬਾਂ ਦੀਆਂ ਦੁਕਾਨਾਂ 'ਤੇ ਉਪਲਬਧ ਹੈ। ਸਾਹਿਤ ਪ੍ਰੇਮੀਆਂ ਅਤੇ ਕਾਨੂੰਨ 'ਚ ਰੁਚੀ ਰੱਖਣ ਵਾਲੇ ਪਾਠਕਾਂ ਲਈ ਇਹ ਨਾਵਲ ਜ਼ਰੂਰ ਪੜ੍ਹਨਯੋਗ ਹੈ। ਕਾਨੂੰਨ ਅਤੇ ਸਾਹਿਤ ਦਾ ਇਹ ਸੁਮੇਲ ਹਰ ਘਰ ਵਿਚ ਪਹੁੰਚਣਾ ਚਾਹੀਦਾ ਹੈ।

# ਕੜਛੀ ਦੀ ਕਲਾ

ਮੇਰੀ ਸ਼ਰੀਕ ਏ ਹਯਾਤ ਨੂੰ ਉਸਦੀ ਜਨਮਦਾਤੀ ਬੀਜੀ ਪੂਰਨਾ ਦੇਵੀ ਨੇ ਇੱਕਲੀ ਕਲਾ ਤੇ ਸਿੱਖਿਆ ਦੀ ਗਰੈਜੂਏਸ਼ਨ ਹੀ ਨਹੀਂ ਕਰਾਈ ਸਗੋਂ ਆਪਣੇ ਪੂਰਨਿਆਂ ਤੇ ਚਲਦੀ ਨੇ ਹੀ ਪਾਕ ਕਲਾ ਦੀ ਇੰਟਰਨਸ਼ਿਪ ਵੀ ਆਪਣੀ ਦੇਖ ਰੇਖ ਵਿੱਚ ਦਿੱਤੀ। ਮੱਝ ਚੋਣ, ਤੰਦੂਰ ਤੇ ਰੋਟੀਆਂ ਲਾਉਣ, ਰਜਾਈ ਚ ਨਗੰਦੇ ਪਾਉਣ, ਮਲਾਈ ਤੌਂ ਮੱਖਣ ਬਣਾਉਣ ਪਾਟੇ ਨੂੰ ਸੀਣ ਅਤੇ ਰੁਸਿਆਂ ਨੂੰ ਮਨਾਉਣ ਦਾ ਸਿਲੇਬਸ ਵੀ ਪੂਰਾ ਕਰਵਾਇਆ। ਤੇ ਪੜ੍ਹਾਈ ਦੀ ਤਰਾਂ ਫਸਟ ਡਵੀਜਨ ਲੈਣ ਜੋਗੀ ਕਰ ਦਿੱਤਾ। ਬਸ ਮਾੜੀ ਜਿਹੀ ਕਸਰ ਚੱਟ ਪਟੀਆ ਸਬਜੀਆਂ ਬਣਾਉਣ ਦੀ ਸਿਖਲਾਈ ਦੇਣ ਦੀ ਰਹਿ ਗਈ। ਉਸਦਾ ਵੀ ਕਾਰਣ ਇਹ ਸੀ ਕਿ ਹਰ ਘਰ ਦਾ ਖਾਣ ਪੀਣ ਦਾ ਸਿਸਟਮ ਆਪਣਾ ਆਪਣਾ ਹੁੰਦਾ ਹੈ। ਇਧਰ ਮੇਰੀ ਮਾਂ ਨੂੰ ਪਰਿਵਾਰ ਦੇ ਹਰ ਜੀਅ ਦੇ ਟੇਸਟ ਦਾ ਪਤਾ ਸੀ। ਵੱਡੀ ਨੂੰਹ ਨੂੰ ਪਰਿਵਾਰ ਦੇ ਟੇਸਟ ਅਨੁਸਾਰ ਢਾਲਣਾ ਤੇ ਫਿਰ ਖੁਦ ਰਸੋਈ ਤੌਂ ਮੁਕਤੀ ਪਾਉਣਾ ਉਸਦੀ ਰੀਝ ਵੀ ਸੀ ਤੇ ਮਜਬੂਰੀ ਵੀ। ਸੋ ਸੱਸ ਵਾਲਾ ਲਬਾਦਾ ਉਤਰਾਦੇ ਹੋਏ ਉਸਨੇ ਮਾਂ ਬਣਕੇ ਇੰਟਰਨਸ਼ਿਪ ਦੀ ਦੂਸਰੀ ਪਾਰੀ ਸ਼ੁਰੂ ਕਰ ਦਿੱਤੀ। ਰਸੇ ਵਾਲੀ ਆਲੂ ਗੋਭੀ ਰਸੇ ਵਾਲੀਆਂ ਗਵਾਰੇ ਦੀਆਂ ਫਲੀਆਂ ,ਵੇਸਣ ਦੇ ਗੱਟੇ, ਗੁੜ ਦੀਆਂ ਸੇਵੀਆਂ ਤੇ ਰੱਜ ਕੇ ਰੋਟੀ ਖਾਣ ਤੋਂ ਬਾਦ ਮਿੱਠੀ ਚੂਰੀ ਦੀ ਫਰਮਾਇਸ਼ ਘਰ ਦੀ ਵੱਡੀ ਨੂੰਹ ਦੀ ਡਿਕਸ਼ਨਰੀ ਦੇ ਨਵੇ ਸ਼ਬਦ ਤੇ ਫਾਰਮੂਲੇ ਸਨ।ਉਹ ਸਰਕਾਰੀ ਨੌਕਰੀ ਦੇ ਘੰਟੇ ਪੂਰੇ ਕਰਦੀ ਹੋਈ ਜਲਦੀ ਹੀ ਕੜਸ਼ੀ ਦੀ ਕਰਾਮਾਤ ਸਿੱਖ ਗਈ। ਹੁਣ ਉਸਨੂੰ ਪਤਾ ਲਗ ਗਿਆ ਸੀ ਕਿ ਸ਼ਾਮੀ ਦਾਲ ਨਾਲ ਰੋਟੀ ਖਾਣ ਤੋਂ ਪਹਿਲਾਂ ਕਲਕਦੇ ਕਲਕਦੇ ਦੇਸੀ ਘਿਓ ਦੀ ਫਰਮਾਇਸ਼ ਆਉਣੀ ਹੀ ਹੈ। ਅੱਜ ਵੀ ਜਦੋ ਸਵੇਰੇ ਚਾਲੀ ਰੁਪਏ ਪਾਈਆ ਦੀਆਂ ਗਵਾਰੇ ਦੀਆਂ ਫਲੀਆਂ ਬਣਾਉਣੀਆਂ ਸ਼ੁਰੂ ਹੋਈਆਂ ਤਾਂ ਲਗਿਆ ਗਏ ਚਾਲੀ ਖੂਹ ਚ। ਪਰ ਰਸੇਦਾਰ ਫਲੀਆਂ ਖਾ ਕੇ ਨਜ਼ਾਰਾ ਆ ਗਿਆ। ਹੂ ਬ ਹੂ ਓਹੀ ਟੇਸਟ। ਸਵਾਦ। ਬਸ ਫਰਕ ਏਹੀ ਸੀ ਕਿ ਪਹਿਲਾਂ ਮੇਰੀ ਮਾਂ ਦੀ ਕਰਾਮਾਤ ਸੀ ਤੇ ਹੁਣ ਜੁਆਕਾਂ ਦੀ ਮਾਂ ਦੀ। ਬਸ ਮਾਂ ਦੇ ਹੱਥਾਂ ਦੀ ਉਹ ਮਹਿਕ ਨਹੀਂ ਸੀ। ਜਿਵੇ ਹਿੰਦੀ ਵਾਲੇ ਕਹਿੰਦੇ ਹਨ ਮੈਂ ਤੋਂ ਉਂਗਲੀਆਂ ਚਾਟਤਾ ਹੀ ਰਹਿ ਗਿਆ। ਸ਼ਾਮੀ ਦੋ ਰੋਟੀਆਂ ਹੋਰ ਰਗੜ ਗਿਆ। ਚਲੋ ਵਧੀਆ ਦੁਪਹਿਰੀਆ ਹੋ ਗਿਆ। ਫਲੀਆਂ ਵਿਚ ਚਿੱਬੜ ਕੱਚਰ ਵੀ ਉਸਨੂੰ ਸਵਾਦੀ ਬਣਾਉਣ ਵਿਚ ਸਹਾਈ ਹੁੰਦੇ ਹਨ।



**ਰਮੇਸ ਸੇਠੀ ਬਾਦਲ**
**ਸੰਪਰਕ–9876627234**



In Loving Memory of

**BHAGAT RAM SAMPLA**

FUNERAL SERVICE

Will be held on
Monday, 01st June 2026

Service at 12:00pm

Guildford Crematorium
New Pond Road
Godalming, Surrey
GU7 3DB

LUNCH

1:15pm

Empire Banqueting Hall
High Street
Aldershot
GU11 1DJ

# ‘ਪੰਜਾਬ ਦਾ ਬੋਧੀ ਇਤਿਹਾਸ’ – (ਭਾਗ ਪਹਿਲਾ)






## ਲੇਖਕ ਨਾਲ ਜਾਣ-ਪਹਿਚਾਣ

ਸ੍ਰੀ ਹਰਮੇਸ਼ ਜੱਸਲ, ਸੰਸਥਾਪਕ ਮਲਿੰਦ ਪ੍ਰਕਾਸ਼ਨ (ਸੰਨ 2000), ਜੋ ਹੁਣ ਤੱਕ ਵੱਡੀਆਂ-ਛੋਟੀਆਂ 17 ਕਿਤਾਬਾਂ ਛਾਪ ਚੁੱਕੇ ਹਨ, ਇੱਕ ਬਹੁਪੱਖੀ ਸ਼ਖ਼ਸੀਅਤ ਹਨ। ਉਹ ਇੱਕ ਸਮਰਪਿਤ ਅੰਬੇਡਕਰੀ-ਬੋਧੀ, ਬੁੱਧੀਜੀਵੀ, ਲੇਖਕ, ਬੁਲਾਰੇ ਅਤੇ ਸਮਾਜ ਸੇਵਕ ਵਜੋਂ ਪ੍ਰਸਿੱਧ ਹਨ।

**ਸਿੱਖਿਆ** : ਉਨ੍ਹਾਂ ਦਾ ਜਨਮ, ਪਿਤਾ ਸ੍ਰੀ ਨਾਨਕ ਚੰਦ, ਮਾਤਾ ਸ੍ਰੀਮਤੀ ਕਰਤਾਰ ਕੌਰ ਦੇ ਘਰ 15 ਮਈ, 1955 ਨੂੰ ਬੂਟਾਂ ਮੰਡੀ (ਜਲੰਧਰ) ਵਿਖੇ ਹੋਇਆ। ਮੁੱਢਲੀ ਸਿੱਖਿਆ ਜੱਦੀ ਪਿੰਡ ਬਸ਼ੇਸ਼ਰਪੁਰ, ਮਿਡਲ ਲੱਲੀਆਂ ਕਲਾਂ, ਮੈਟ੍ਰਿਕ ਸਰਕਾਰੀ ਹਾਈ ਸਕੂਲ ਲਾਂਬੜਾ ਅਤੇ ਉਚੇਰੀ ਸਿੱਖਿਆ ਡੀ.ਏ.ਵੀ. ਕਾਲਜ ਜਲੰਧਰ ਤੋਂ ਉਪਰੰਤ ਐਮ.ਏ. ਰਾਜਨੀਤੀ ਸ਼ਾਸਤਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪ੍ਰਾਪਤ ਕੀਤੀ। ਉਹ ਅਨੇਕਾਂ ਭਾਸ਼ਾਵਾਂ-ਪੰਜਾਬੀ, ਹਿੰਦੀ, ਅੰਗ੍ਰੇਜ਼ੀ, ਉਰਦੂ ਅਤੇ ਪਾਲੀ ਦੇ ਜਾਣਕਾਰ ਹਨ।

**ਸਾਹਿਤਕ ਕਾਰਜ** : ਜਿਉਂ ਹੀ ਉਨ੍ਹਾਂ ਨੇ 1974 ਵਿਚ ਅੰਬੇਡਕਰ ਮਿਸ਼ਨ ਦਾ ਪਾਠ ਪੜ੍ਹਿਆ, ਫੇਰ ਹੋਰ ਜਾਨਣ ਦੀ ਲਾਲਸਾ ਕਦੇ ਨਹੀਂ ਮਿਟੀ। ਉਨ੍ਹਾਂ ਨੇ ਅੰਬੇਡਕਰ ਮਿਸ਼ਨ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਆਪਣੇ ਜੀਵਨ ਦਾ ਕੇਂਦਰ-ਬਿੰਦੂ ਬਣਾ ਲਿਆ। ਰੋਜ਼ਾਨਾ ਅਖ਼ਬਾਰਾਂ ਵਿਚ ਲੇਖ ਲਿਖਣ, ਅਨੁਵਾਦ ਕਰਨ, ਪੁਸਤਕ ਰਚਣ ਤੇ ਪ੍ਰਕਾਸ਼ਨ ਦਾ ਸਾਹਿਤਕ ਕਾਰਜ ਕਈ ਦਹਾਕਿਆਂ ਤੋਂ ਕਰ ਰਹੇ ਹਨ।

**ਅੰਦੋਲਨਕਰਤਾ** : ਸਮਤਾ ਸੈਨਿਕ ਦਲ ਵਲੋਂ 4 ਅਪ੍ਰੈਲ ਤੋਂ 12 ਅਪ੍ਰੈਲ, 1982 ਤੱਕ, ਬਾਬਾ ਸਾਹਿਬ ਡਾ. ਅੰਬੇਡਕਰ ਦੇ ਜਨਮ ਦਿਨ 14 ਅਪ੍ਰੈਲ ਨੂੰ ਗਜ਼ਟਿਡ ਛੁੱਟੀ ਘੋਸ਼ਿਤ ਕਰਵਾਉਣ ਲਈ ਚੱਲੇ ਸੰਘਰਸ਼ 'ਚ ਸ੍ਰੀ ਬਿਹਾਰੀ ਲਾਲ 'ਖ਼ਾਰ' ਵਲੋਂ ਰੱਖੇ 'ਮਰਨ ਵਰਤ ਅੰਦੋਲਨ' ਦੀ ਰੂਪ ਰੇਖਾ ਉਲੀਕਣ ਤੇ ਚਲਾਉਣ ਵਿਚ ਕੇਂਦਰੀ ਰੋਲ ਅਦਾ ਕੀਤਾ।

**ਪੱਤਰਕਾਰਤਾ** : ਰਿਪਬਲਿਕਨ ਪਾਰਟੀ ਲਈ ਕੱਢੇ ਗਏ 'ਭੀਮ ਪੱਤ੍ਰਿਕਾ' ਪੰਜਾਬੀ ਦੇ ਪ੍ਰਬੰਧਕ (ਸੰਨ 1979 ਤੋਂ 1982) ਅਤੇ ਗਦਰੀ ਬਾਬਿਆਂ ਦੇ ਅਖ਼ਬਾਰ 'ਕਿਰਤੀ' ਨੂੰ (ਸੰਨ 1984 ਤੋਂ 1988) ਤੱਕ ਸੰਪਾਦਨ ਤੇ ਪ੍ਰਕਾਸ਼ਨ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ।

**ਸੰਸਥਾਗਤ ਕਾਰਜ** : ਉਹ ਬਹੁਤ ਸਾਰੀਆਂ ਸੰਸਥਾਵਾਂ ਦੇ ਸੰਸਥਾਪਕ, ਟਰੱਸਟੀ, ਮੁੱਢਲੇ ਮੈਂਬਰ ਅਤੇ ਸਹਿਯੋਗੀ ਰਹੇ ਹਨ : (1) ਟਰੱਸਟੀ-ਅੰਬੇਡਕਰ ਭਵਨ ਟਰੱਸਟ (ਰਜਿ.) ਜਲੰਧਰ, ਟਰੱਸਟੀ-ਬੁੱਧ ਵਿਹਾਰ ਸਿਧਾਰਥ ਨਗਰ, ਜਲੰਧਰ, ਟਰੱਸਟੀ-ਅੰਬੇਡਕਰ ਪੀਸ ਪਾਗੋਡਾ, ਨਜ਼ਦੀਕ ਫਿਲੌਰ, (2) ਮੈਂਬਰ—ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.), ਪੰਜਾਬ ਬੁੱਧਿਸਟ ਸੁਸਾਇਟੀ (ਰਜਿ.), ਸਮਤਾ ਸੈਨਿਕ ਦਲ, (3) ਸੰਸਥਾਪਕ : ਡਾ. ਅੰਬੇਡਕਰ ਵੀਕਰ ਸੈਕਸ਼ਨ ਵੈਲਫੇਅਰ ਸੁਸਾਇਟੀ ਅਤੇ ਦਲਿਤ ਲਿਖਾਰੀ ਸਭਾ।

**ਮਾਣ-ਸਨਮਾਣ** : ਸ੍ਰੀ ਹਰਮੇਸ਼ ਜੱਸਲ ਜੀ ਨੂੰ ਯੂ.ਕੇ. ਦੀ ਸੰਸਥਾ F.A.B.O. ਫ਼ੈਡਰੇਸ਼ਨ ਆਫ਼ ਅੰਬੇਡਕਰਾਈਟ ਐਂਡ ਬੁੱਧਿਸਟ ਆਰਗੇਨਾਈਜ਼ੇਸ਼ਨ ਵਲੋਂ ਸਾਲ 1993 ਵਿਚ ਮੁੰਬਈ ਦੇ ਮੇਅਰ ਸ੍ਰੀ ਚੰਦਰ ਕਾਂਤ ਹੰਡੋਰੇ ਜੀ ਨੇ ਜੋ ਹੁਣ ਰਾਜ ਸਭਾ ਮੈਂਬਰ ਹਨ, 'ਭੀਮ ਰਤਨ' ਦੀ ਉਪਾਧੀ ਨਾਲ ਸਨਮਾਨਿਤ ਕੀਤਾ।

-ਰਾਮ ਪਾਲ 'ਰਾਹੀ'
ਪ੍ਰਧਾਨ, ਫੈਡਰੇਸ਼ਨ ਆਫ਼ ਅੰਬੇਡਕਰਾਈਟ ਐਂਡ ਬੁੱਧਿਸਟ ਔਰਗੇਨਾਈਜ਼ੇਸ਼ਨਜ਼ (ਯੂ.ਕੇ.)

ISBN: 978-93-344-0361-9

ਮਲਿੰਦ ਪ੍ਰਕਾਸ਼ਨ ਜਲੰਧਰ

ਪੁਸਤਕ " ਪੰਜਾਬ ਦਾ ਬੋਧੀ ਇਤਿਹਾਸ - ਸਾਰ ਅਤੇ ਸਮੀਖਿਆ " ਲੇਖ ਲੜੀ ਸ਼ੁਰੂ ਕਰ ਰਿਹਾ ਹਾਂ ਤਾਂ ਕਿ ਪਾਠਕ ਥੋੜੇ ਸਮੇਂ ਵਿਚ ਪੁਸਤਕ ਬਾਰੇ ਜਾਣ ਸਕਣ। ਇਹ ਟਾਈਟਲ ਦਾ ਅਗਲਾ ਅਤੇ ਪਿਛਲਾ ਪਾਸਾ ਹੈ। ਕਿਤਾਬ ਮਲਿੰਦ ਪ੍ਰਕਾਸ਼ਨ ਜਲੰਧਰ ਵਲੋਂ 25 ਦਸੰਬਰ 2025 ਵਿਚ ਛਪੀ ਸੀ ਅਤੇ 28 ਦਸੰਬਰ 2025 ਨੂੰ ਅੰਬੇਡਕਰ ਭਵਨ ਜਲੰਧਰ ਵਿਖੇ ਪ੍ਰਸਿੱਧ ਵਿਦਵਾਨ ਡਾ. ਸੁਰੇਂਦਰ ਅਜਨਾਤ ਜੀ ਨੇ ਬੋਧੀ ਭਿਖਸ਼ੂ ਚੰਦਰ ਕੀਰਤੀ, ਡਾ. ਜੀ.ਸੀ.ਕੌਲ, ਅੰਬੇਡਕਰ ਮਿਸ਼ਨ ਸੁਸਾਇਟੀ ਦੇ ਪ੍ਰਧਾਨ ਸ੍ਰੀ ਚਰਨ ਦਾਸ ਸੰਧੂ, ਸ੍ਰੀ ਬਲਦੇਵ ਭਾਰਦਵਾਜ , ਡਾ. ਰਾਹੁਲ ਜੱਸੀ, ਸ੍ਰੀ ਸੋਹਣ ਲਾਲ ਸਾਂਪਲਾ ਜਰਮਨ ਅਤੇ ਲੇਖਕ ਹਰਮੇਸ਼ ਜੱਸਲ ਦੀ ਹਾਜ਼ਰੀ ਵਿਚ ਰੀਲੀਜ਼ ਕੀਤੀ। ਇਹ ਕਿਤਾਬ- ਇਸ਼ਬੰ 978-93-344-0361-9 ਨਾਲ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਸਰਚ ਕੀਤੀ ਜਾ ਸਕਦੀ ਹੈ। ਰੋਜ਼ਾਨਾ ਅਖ਼ਬਾਰਾਂ ਨੇ ਇਸ ਪੁਸਤਕ ਨੂੰ ਭਾਰੀ ਪਬਲੀਸਿਟੀ ਦਿੱਤੀ ਹੈ, ਜਿਸ ਦੀਆਂ ਖਬਰਾਂ ਇਸ ਪੋਸਟ ਵਿੱਚ ਪੜ੍ਹੀਆਂ ਜਾ ਸਕਦੀਆਂ ਹਨ।

" ਪੰਜਾਬ ਦਾ ਬੋਧੀ ਇਤਿਹਾਸ - ਰਾਜਸੀ ਅਤੇ ਪੁਰਾਤੱਤਵ" ਜਿਸ ਦਾ ਕਾਲ ਖੰਡ " ਬੁੱਧ ਤੋਂ ਹਰਸ਼ਵਰਧਨ ਤੱਕ" ਦੇ ਦੋ ਭਾਗਾਂ ਨੂੰ ਇਕੱਠੇ ਛਾਪਿਆ ਗਿਆ ਹੈ ਇਸ ਦੇ ਪਹਿਲੇ ਭਾਗ ਵਿਚ - ਲੇਖਕ ਵਲੋਂ... ਅਤੇ ਡਾ. ਸੁਰੇਂਦਰ ਅਜਨਾਤ ਵਲੋਂ ਲਿਖੀ ਭੂਮਿਕਾ ਤੋਂ ਇਲਾਵਾ 8 ਰੰਗਦਾਰ ਸਫ਼ੇ ਹਨ ਜਿਨ੍ਹਾਂ ਵਿਚ 60 ਫੋਟੋ ਸ਼ਾਮਲ ਹਨ। ਇਹ ਪੁਸਤਕ ਬਾਬਾ ਸਾਹਿਬ ਦੇ ਪ੍ਰਮੁੱਖ ਸੇਵਕਾਂ ਸਰਵਸ੍ਰੀ ਨਾਨਕ ਚੰਦ ਰੱਤੂ ( ਬਾਬਾ ਸਾਹਿਬ ਦੇ ਨਿੱਜੀ ਸਕੱਤਰ ), ਸ੍ਰੀ ਸੋਹਣ ਲਾਲ ਸਾਸ਼ਤਰੀ ( ਜਿਨ੍ਹਾਂ ਨੇ ਬਾਬਾ ਸਾਹਿਬ ਨਾਲ 25 ਸਾਲ ) ਕੰਮ ਕੀਤਾ, ਸ੍ਰੀ ਸ਼ੰਕਰਾਨੰਦ ਸਾਸ਼ਤਰੀ ਜਿਨ੍ਹਾਂ ਨੇ ਬਾਬਾ ਸਾਹਿਬ ਦੀ ਵਿਚਾਰਧਾਰਾ ਨੂੰ ਅੱਗੇ ਵਧਾਉਣ ਵਿਚ ਆਪਣਾ ਯੋਗਦਾਨ ਪਾਇਆ , ਹੁਣਾਂ ਨੂੰ ਸਮੂਹਿਕ ਰੂਪ ਵਿਚ ਭੇਟ ਕੀਤੀ ਹੈ। ਇਸ ਤੋਂ ਇਲਾਵਾ ਉਨ੍ਹਾਂ ਸੱਭ ਪ੍ਰਮੁੱਖ ਅੰਬੇਡਕਰੀਆਂ ਨੂੰ ਸਤਿਕਾਰ ਵਜੋਂ ਸ਼ਰਧਾ ਸੁਮਨ ਅਰਪਣ ਕੀਤੇ ਹਨ ਜਿਨ੍ਹਾਂ ਨੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਨਾਲ ਕੰਮ ਕੀਤਾ ਜਿਨ੍ਹਾਂ ਵਿਚ ਸ਼ਾਮਲ ਹਨ- ਸਰਵਸ੍ਰੀ ਸੇਠ ਕਿਸ਼ਨ ਦਾਸ ਕਲੇਰ ( ਬੂਟਾਂ ਮੰਡੀ ) ਜੋ ਬਾਬਾ ਸਾਹਿਬ ਨੂੰ ਪੰਜਾਬ ਲੈ ਕੇ ਆਏ ਸਨ। ਉਹ ਉਸ ਵੇਲੇ ਸ਼ਡਿਊਲਡ ਕਾਸਟ ਫੈਡਰੇਸ਼ਨ ਦੇ ਪ੍ਰਧਾਨ ਸਨ ਅਤੇ ਉਨ੍ਹਾਂ ਨੇ ਬਾਬਾ ਸਾਹਿਬ ਨੂੰ ਮਾਣ ਪੱਤਰ ਭੇਟ ਕੀਤਾ ਸੀ, ਜੋ ਸੰਨ 1937 ਤੋਂ 1946 ਤੱਕ ਪੰਜਾਬ ਅਸੈਂਬਲੀ ਦੇ ਮੈਂਬਰ ਰਹੇ। ਸ੍ਰੀ ਭਗਵਾਨ ਦਾਸ ਐਡਵੋਕੇਟ ਸੁਪਰੀਮ ਕੋਰਟ, ਪ੍ਰਮੁੱਖ ਬੁੱਧੀਜੀਵੀ ਅਤੇ ਲੇਖਕ, ਸ੍ਰੀ ਲਾਹੌਰੀ ਰਾਮ ਬਾਲੀ ਸੰਸਥਾਪਕ ਭੀਮ ਪੱਤ੍ਰਿਕਾ, ਜਿਨ੍ਹਾਂ ਨੇ ਬਾਬਾ ਸਾਹਿਬ ਦੀ ਸੋਹਬਤ ਚ ਰਹਿ ਕੇ ਬੜਾ ਕੁਝ ਸਿੱਖਿਆ ਅਤੇ ਤਾਉਮਰ ਉਨ੍ਹਾਂ ਨੇ ਸਾਹਿਤ ਰਚਨਾ ਦੁਆਰਾ ਅੰਬੇਡਕਰ ਮਿਸ਼ਨ ਨੂੰ

ਸਮਾਜ ਵੀਕਲੀ ਨਿਊਜ਼



ਹਰਮੇਸ਼ ਜੱਸਲ

ਭਾਰਤ ਦੇ ਕੋਨੇ ਕੋਨੇ ਵਿਚ ਪਹੁੰਚਾਇਆ। ਸ੍ਰੀ ਦੀਵਾਨ ਚੰਦ ਅਹੀਰ ਜੀ ਨੇ ਬਾਬਾ ਸਾਹਿਬ ਤੋਂ ਅਗਵਾਈ ਲੈ ਕੇ ਬਹੁਤ ਸਾਰਾ ਬੋਧੀ ਸਾਹਿਤ ਰਚਿਆ, ਮੇਰੀ ਇਹ ਪੁਸਤਕ ਦਾ ਮੁੱਢ ਵੀ ਉਨ੍ਹਾਂ ਦੀ ਪੁਸਤਕ " ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿਚ ਬੁੱਧ ਧਰਮ" ਨੂੰ ਪੜ੍ਹ ਕੇ ਹੀ ਬੱਝਾ। ਸ੍ਰੀ ਕਰਮ ਚੰਦ ਸੁਲੇਖ, ਜੋ ਪੰਜਾਬ ਸ਼ੈਡਿਊਲਡ ਕਾਸਟ ਫੈਡਰੇਸ਼ਨ ਦੇ ਜਨਰਲ ਸਕੱਤਰ ਸਨ ਅਤੇ ਜਦੋਂ ਬਾਬਾ ਸਾਹਿਬ ਡਾਕਟਰ ਅੰਬੇਡਕਰ ਸੰਨ 1951 ਵਿਚ ਪੰਜਾਬ ਆਏ ਸਨ ਤਾਂ ਇਨ੍ਹਾਂ ਨੇ ਮੰਚ ਸੰਚਾਲਨ ਕੀਤਾ ਸੀ। ਸ੍ਰੀ ਆਰ.ਸੀ.ਪਾਲ ਸਾਬਕਾ ਜੱਜ ਅਤੇ ਅੰਬੇਡਕਰ ਭਵਨ ਜਲੰਧਰ ਦੇ ਟਰੱਸਟੀ ਰਹੇ, ਉਨ੍ਹਾਂ ਨੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਨੂੰ ਸਟੂਡੈਂਟਸ ਫੈਡਰੇਸ਼ਨ ਵੱਲੋਂ ਮੰਗ ਪੱਤਰ ਦਿੱਤਾ ਸੀ। ਸ੍ਰੀ ਗੁਰਦਾਸ ਰਾਮ ਆਲਮ ਲੋਕ ਕਵੀ, ਰਿਪਬਲਿਕਨ ਆਗੂ ਸ੍ਰੀ ਚਰਨ ਦਾਸ ਨਿਧੜਕ , ਨੌਜਵਾਨ ਆਗੂ ਅਤੇ ਅੰਬੇਡਕਰੀ ਕਵੀ ਸ੍ਰੀ ਪ੍ਰੀਤਮ ਰਾਮਦਾਸਪੁਰੀ, ਉਸ ਇਤਿਹਾਸਕ ਪਲਾਂ ਦੇ ਗਵਾਹ ਹਨ ਜਦੋਂ ਬਾਬਾ ਸਾਹਿਬ ਡਾਕਟਰ ਅੰਬੇਡਕਰ ਜਲੰਧਰ ਪਧਾਰੇ ਸਨ। ਇਹ ਸਭ ਸ਼ਖ਼ਸੀਅਤਾਂ ਕਿਸੇ ਨਾ ਕਿਸੇ ਤਰ੍ਹਾਂ ਬਾਬਾ ਸਾਹਿਬ ਨਾਲ ਜੁੜੀਆਂ ਰਹੀਆਂ ਅਤੇ ਮੈਨੂੰ ਇਨ੍ਹਾਂ ਸੱਭ ਸ਼ਖ਼ਸੀਅਤਾਂ ਨਾਲ ਮੈਨੂੰ ਦਹਾਕਿਆਂ ਤੱਕ ਕੰਮ ਕਰਨ ਦਾ ਸ਼ੁੱਭ ਅਵਸਰ ਪ੍ਰਾਪਤ ਹੋਇਆ। ਮੈਂ ਇਨ੍ਹਾਂ ਸਭਨਾਂ ਸ਼ਖ਼ਸੀਅਤਾਂ ਪਾਸੋਂ ਬਾਬਾ ਸਾਹਿਬ ਬਾਰੇ ਬਹੁਤ ਜਾਣਕਾਰੀ ਪ੍ਰਾਪਤ ਕੀਤੀ ਅਤੇ ਆਪਣੇ ਆਪ ਨੂੰ ਅੰਬੇਡਕਰ ਮਿਸ਼ਨ ਲਈ ਉਸ ਢੰਗ ਨਾਲ ਤਿਆਰ ਕੀਤਾ ਤਾਂ ਕਿ ਸਹੀ ਦਿਸ਼ਾ ਚ ਕੰਮ ਕਰ ਸਕਾ ਅਤੇ ਸਹੀ ਦਿਸ਼ਾ ਵੱਲ ਅੰਬੇਡਕਰ ਮਿਸ਼ਨ ਨੂੰ ਲਿਜਾਣ ਚ ਸਹਾਈ ਹੋ ਸਕਾ । ਅੱਜ ਤੱਕ ਮੇਰੀ ਇਹੀ ਕੋਸ਼ਿਸ਼ ਰਹੀ ਹੈ। ਮੈਂ ਹਮੇਸ਼ਾ ਇਹੀ ਕੋਸ਼ਿਸ਼ ਕੀਤੀ ਹੈ ਕਿ ਆਪਣੇ ਆਪ ਨੂੰ ਨਿਰਸਵਾਰਥ ਅਤੇ ਨਿਰਪੱਖ ਰੱਖ ਸਕਾ । **(ਚੱਲਦਾ)**

# ਬੁੱਧ ਬਾਣ

ਮੇਰੇ ਪਿਆਰੇ ਤੇ ਸਤਿਕਾਰਯੋਗ ਸਰਦਾਰ ਸੁਰਜੀਤ ਸਿੰਘ ਭੁੱਲਰ ਸਾਹਿਬ ਜੀ, ਜਿਹੜੇ ਚਾਰ ਦਹਾਕੇ ਪਹਿਲਾਂ ਵੇਰਕਾ ਮਿਲਕ ਪਲਾਂਟ, ਲੁਧਿਆਣਾ ਦੇ ਜਨਰਲ ਮੈਨੇਜਰ ਸਨ, ਅੱਜਕੱਲ੍ਹ ਉਹ ਅਮਰੀਕਾ ਵਸਦੇ ਹਨ। ਉਹ ਬਹੁਪੱਖੀ ਕਲਮਕਾਰ ਹਨ, ਉਹਨਾਂ ਦੀਆਂ ਲਿਖਤਾਂ ਕਮਾਲ ਦੀਆਂ ਹਨ।

ਉਹ ਮੈਨੂੰ ਹਮੇਸ਼ਾ ਪੁੱਤ ਵਾਂਗ ਮੁਹੱਬਤ ਕਰਦੇ ਹਨ। ਹਮੇਸ਼ਾ ਹੌਸਲਾ ਅਫ਼ਜ਼ਾਈ ਕਰਦੇ ਹਨ।

ਉਹ ਅਕਸਰ ਫ਼ੋਨ ਕਰਕੇ ਦੱਸਦੇ ਹਨ ਕਿ ਤੇਰੀਆਂ ਲਿਖਤਾਂ ਵਿੱਚ ਸਮਾਜਿਕ ਸਰੋਕਾਰ ਕੀ ਹਨ।

ਉਹਨਾਂ ਨੇ ਇਹ ਮੇਰੇ ਲੇਖ ਬਾਰੇ ਗੂਗਲ ਨੂੰ ਪੁੱਛਿਆ ਕਿ ਤੁਸੀਂ ਕੀ ਸੋਚਦੇ ਹੋ।ਉਹਨਾਂ ਨੇ ਇਹ ਭੇਜਿਆ ਹੈ। ਤੁਹਾਡੇ ਨਾਲ ਸਾਂਝਾ ਕਰਦਾ ਹਾਂ।

ਬੁੱਧ ਸਿੰਘ ਨੀਲੋਂ

ਧੰਨਵਾਦ ਸਹਿਤ ਸਰਦਾਰ ਸੁਰਜੀਤ ਸਿੰਘ ਭੁੱਲਰ ਸਾਹਿਬ

ਪਿਆਰੇ ਨੀਲੋ ਜੀ,

ਤੁਹਾਡੇ ਇਸ ਆਰਟੀਕਲ ਦਾ ਜਵਾਬ ਗੂਗਲ ਨੇ ਭੇਜਿਆ। ਪੜ੍ਹ ਕੇ ਵਿਚਾਰਨਾ।

ਆਦਰ ਸਹਿਤ..

ਸਰਕਾਰਾਂ ਅਤੇ ਸ਼ਕਤੀਸ਼ਾਲੀ ਸੰਸਥਾਵਾਂ ਵੱਲੋਂ ਮੀਡੀਆ, ਤਕਨਾਲੋਜੀ ਅਤੇ ਪ੍ਰਚਾਰ ਰਾਹੀਂ ਲੋਕਾਂ ਦੀ ਸੋਚ ਨੂੰ ਪ੍ਰਭਾਵਿਤ ਕਰਨਾ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ। ਇਸ ਮਨੋਵਿਗਿਆਨਕ ਪ੍ਰਭਾਵ ਜਾਂ ਗ਼ੁਲਾਮੀ ਤੋਂ ਮੁਕਤ ਹੋਣ ਲਈ ਸੁਚੇਤ ਹੋਣਾ ਅਤੇ ਆਪਣੀ ਸੋਚ ਨੂੰ ਆਜ਼ਾਦ ਰੱਖਣਾ ਬਹੁਤ ਜ਼ਰੂਰੀ ਹੈ।

ਇਸ ਪ੍ਰਭਾਵ ਤੋਂ ਬਚਣ ਅਤੇ ਮਾਨਸਿਕ ਆਜ਼ਾਦੀ ਹਾਸਲ ਕਰਨ ਦੇ ਮੁੱਖ ਤਰੀਕੇ ਹੇਠਾਂ ਦਿੱਤੇ ਗਏ ਹਨ:

1. ਆਲੋਚਨਾਤਮਕ ਸੋਚ ਵਿਕਸਿਤ ਕਰੋ*

ਸਵਾਲ ਪੁੱਛੋ: ਕਿਸੇ ਵੀ ਸਰਕਾਰੀ ਬਿਆਨ ਜਾਂ ਖ਼ਬਰ 'ਤੇ ਅੱਖਾਂ ਬੰਦ ਕਰਕੇ ਭਰੋਸਾ ਨਾ ਕਰੋ।

ਮਕਸਦ ਸਮਝੋ: ਇਹ ਸੋਚੋ ਕਿ ਕੋਈ ਖ਼ਾਸ ਖ਼ਬਰ ਜਾਂ ਨੀਤੀ ਤੁਹਾਨੂੰ ਦਿਖਾਉਣ ਪਿੱਛੇ ਸਰਕਾਰ ਦਾ ਕੀ ਫ਼ਾਇਦਾ ਹੋ ਸਕਦਾ ਹੈ।

ਤੱਥਾਂ ਦੀ ਜਾਂਚ: ਭਾਵਨਾਤਮਕ ਪ੍ਰਚਾਰ ਦੀ ਬਜਾਏ ਅਸਲ ਅੰਕੜਿਆਂ ਅਤੇ ਇਤਿਹਾਸਕ ਤੱਥਾਂ ਵੱਲ ਧਿਆਨ ਦਿਓ।

2. ਸੂਚਨਾ ਦੇ ਸਰੋਤਾਂ ਨੂੰ ਬਦਲੋ *

ਗੋਦੀ ਮੀਡੀਆ ਤੋਂ ਦੂਰੀ: ਮੁੱਖ ਧਾਰਾ ਦੇ ਉਨ੍ਹਾਂ ਟੀਵੀ ਚੈਨਲਾਂ ਨੂੰ ਦੇਖਣਾ ਬੰਦ ਕਰੋ ਜੋ ਸਿਰਫ਼ ਇੱਕਪਾਸੜ ਪ੍ਰਚਾਰ ਕਰਦੇ ਹਨ।

ਵਿਦੇਸ਼ੀ ਅਤੇ ਸੁਤੰਤਰ ਸਰੋਤ: ਦੇਸ਼-ਵਿਦੇਸ਼ ਦੇ ਸੁਤੰਤਰ ਪੱਤਰਕਾਰਾਂ, ਕਿਤਾਬਾਂ ਅਤੇ ਖੋਜ ਪੱਤਰਾਂ ਨੂੰ ਪੜ੍ਹੋ।

ਵੱਖਰੇ ਵਿਚਾਰ ਸੁਣੋ: ਸਿਰਫ਼ ਆਪਣੇ ਵਰਗੀ ਸੋਚ ਵਾਲੇ ਲੋਕਾਂ ਨੂੰ ਹੀ ਨਾ ਸੁਣੋ, ਬਲਕਿ ਵਿਰੋਧੀ ਵਿਚਾਰਾਂ ਦਾ ਵੀ ਵਿਸ਼ਲੇਸ਼ਣ ਕਰੋ।

3. ਡਿਜੀਟਲ ਨਿਰਭਰਤਾ ਘੱਟ ਕਰੋ*

ਸੋਸ਼ਲ ਮੀਡੀਆ ਐਲਗੋਰਿਦਮ: ਫੇਸਬੁੱਕ, ਟਵਿੱਟਰ ਅਤੇ ਇੰਸਟਾਗ੍ਰਾਮ ਵਰਗੇ ਪਲੇਟਫਾਰਮ ਤੁਹਾਡੀ ਮਾਨਸਿਕਤਾ ਨੂੰ ਕੰਟਰੋਲ ਕਰਦੇ ਹਨ। ਇਨ੍ਹਾਂ ਦਾ ਪ੍ਰਯੋਗ ਸੀਮਤ ਕਰੋ।

ਸਕ੍ਰੀਨ ਟਾਈਮ: ਦਿਨ ਵਿੱਚ ਕੁਝ ਘੰਟੇ ਫ਼ੋਨ ਅਤੇ ਇੰਟਰਨੈੱਟ ਤੋਂ ਪੂਰੀ ਤਰ੍ਹਾਂ ਦੂਰ ਰਹੋ।

4. ਇਤਿਹਾਸ ਅਤੇ ਮਨੋਵਿਗਿਆਨ ਪੜ੍ਹੋ*

ਪੁਰਾਣੀਆਂ ਚਾਲਾਂ: ਇਤਿਹਾਸ ਪੜ੍ਹਨ ਨਾਲ ਸਮਝ ਆਉਂਦਾ ਹੈ ਕਿ ਕਿਵੇਂ ਪੁਰਾਣੇ ਤਾਨਾਸ਼ਾਹ ਵੀ ਜਨਤਾ ਨੂੰ ਡਰਾ ਕੇ ਜਾਂ ਭੜਕਾ ਕੇ ਰਾਜ ਕਰਦੇ ਸਨ।

ਮਨੋਵਿਗਿਆਨ ਦੀ ਸਮਝ: ਜਦੋਂ ਤੁਸੀਂ ਇਹ ਸਮਝ ਗਏ ਕਿ 'ਡਰ' ਅਤੇ 'ਨਫ਼ਰਤ' ਰਾਹੀਂ ਮਨੁੱਖੀ ਦਿਮਾਗ ਨੂੰ ਕਿਵੇਂ ਕੰਟਰੋਲ ਕੀਤਾ ਜਾਂਦਾ ਹੈ, ਤਾਂ ਤੁਹਾਡੇ 'ਤੇ ਇਨ੍ਹਾਂ ਚਾਲਾਂ ਦਾ ਅਸਰ ਹੋਣਾ ਬੰਦ ਹੋ ਜਾਵੇਗਾ।

5. ਲੋਕਲ ਪੱਧਰ 'ਤੇ ਮਜ਼ਬੂਤ ਬਣੋ*

ਆਤਮ-ਨਿਰਭਰਤਾ: ਆਰਥਿਕ ਅਤੇ ਮਾਨਸਿਕ ਤੌਰ 'ਤੇ ਸਰਕਾਰੀ ਮੁਫ਼ਤ ਸਹੂਲਤਾਂ 'ਤੇ ਪੂਰੀ ਤਰ੍ਹਾਂ ਨਿਰਭਰ ਨਾ ਰਹੋ।

ਭਾਈਚਾਰਕ ਸਾਂਝ: ਆਪਣੇ ਆਲੇ-ਦੁਆਲੇ ਦੇ ਲੋਕਾਂ ਨਾਲ ਸਿੱਧਾ ਸੰਵਾਦ ਵਧਾਓ ਤਾਂ ਜੋ ਸੋਸ਼ਲ ਮੀਡੀਆ ਰਾਹੀਂ ਫੈਲਾਈ ਜਾਂਦੀ ਨਫ਼ਰਤ ਨੂੰ ਹਰਾਇਆ ਜਾ ਸਕੇ।

ਮਾਨਸਿਕ ਗ਼ੁਲਾਮੀ ਦੀ ਸਭ ਤੋਂ ਵੱਡੀ ਕਾਟ "ਜਾਗਰੂਕਤਾ" ਹੈ। ਜਿਸ ਦਿਨ ਤੁਸੀਂ ਭਾਵਨਾਵਾਂ (ਗੁੱਸੇ, ਡਰ, ਧਰਮ ਜਾਂ ਜਾਤ ਦੇ ਨਾਮ 'ਤੇ) ਵਿੱਚ ਵਹਿਣ ਦੀ ਬਜਾਏ ਦਲੀਲ ਨਾਲ ਸੋਚਣਾ ਸ਼ੁਰੂ ਕਰ ਦਿੱਤਾ, ਉਸੇ ਦਿਨ ਤੁਸੀਂ ਆਜ਼ਾਦ ਹੋ ਜਾਵੋਗੇ।

ਜੇਕਰ ਤੁਸੀਂ ਇਸ ਵਿਸ਼ੇ ਬਾਰੇ ਹੋਰ ਡੂੰਘਾਈ ਨਾਲ ਜਾਣਨਾ ਚਾਹੁੰਦੇ ਹੋ, ਤਾਂ ਮੈਨੂੰ ਦੱਸੋ:

ਕੀ ਤੁਸੀਂ ਕਿਸੇ ਖ਼ਾਸ ਸਰਕਾਰੀ ਨੀਤੀ ਜਾਂ ਮੀਡੀਆ ਪ੍ਰਚਾਰ ਤੋਂ ਪਰੇਸ਼ਾਨ ਹੋ?

ਕੀ ਤੁਸੀਂ ਮਾਨਸਿਕ ਆਜ਼ਾਦੀ ਅਤੇ ਪ੍ਰਚਾਰ ਨੂੰ ਸਮਝਣ ਲਈ ਕੁਝ ਵਧੀਆ ਕਿਤਾਬਾਂ ਦੇ ਨਾਮ ਜਾਣਨਾ ਚਾਹੁੰਦੇ ਹੋ?



**ਸੁਰਜੀਤ ਸਿੰਘ ਭੁੱਲਰ**

# ਕਹਾਣੀ ਬੇਕਦਰੀ ਦੇ ਰਿਸ਼ਤੇ

ਕਰਤਾਰ ਸਿੰਘ ਜਦੋਂ ਉਸ ਆਲੀਸ਼ਾਨ ਬੰਗਲੇ ਦੀਆਂ ਪੌੜੀਆਂ ਉਤਰਿਆ, ਤਾਂ ਉਸ ਦੇ ਪੈਰਾਂ ਵਿੱਚ ਨਾ ਕੋਈ ਚੱਪਲ ਸੀ ਅਤੇ ਨਾ ਹੀ ਹੱਥ ਵਿੱਚ ਕੋਈ ਸਮਾਨ। ਉਹ ਸਿਰਫ਼ ਆਪਣੀਆਂ ਯਾਦਾਂ ਦੀ ਇੱਕ ਪੁਰਾਣੀ ਪੋਟਲੀ ਅਤੇ ਧੁੱਖਦਾ ਹੋਇਆ ਸੀਨਾ ਲੈ ਕੇ ਤੁਰ ਪਿਆ ਸੀ। ਸ਼ਹਿਰ ਦੀਆਂ ਚੌੜੀਆਂ ਸੜਕਾਂ ’ਤੇ ਦੌੜਦੀਆਂ ਗੱਡੀਆਂ ਦੇ ਸ਼ੋਰ ਵਿੱਚ ਉਸ ਦੀਆਂ ਹਿਚਕੀਆਂ ਗੁੰਮ ਹੋ ਰਹੀਆਂ ਸਨ। ਉਹ ਸਾਰੀ ਦਿਹਾੜੀ ਬਿਨਾਂ ਕੁਝ ਖਾਧੇ-ਪੀਤੇ ਬੱਸ ਤੁਰਦਾ ਰਿਹਾ, ਜਿਵੇਂ ਉਹ ਆਪਣੇ ਆਪ ਤੋਂ ਹੀ ਦੂਰ ਭੱਜਣਾ ਚਾਹੁੰਦਾ ਹੋਵੇ। ਰਾਤ ਪੈਣ ਤੱਕ ਉਹ ਸ਼ਹਿਰ ਦੇ ਆਖਰੀ ਕੋਨੇ ’ਤੇ ਬਣੇ ਇੱਕ ਰੇਲਵੇ ਸਟੇਸ਼ਨ ’ਤੇ ਪਹੁੰਚ ਗਿਆ। ਉੱਥੇ ਇੱਕ ਬੈਂਚ ’ਤੇ ਬੈਠ ਕੇ ਜਦੋਂ ਉਸ ਨੇ ਆਪਣੇ ਹੰਝੂ ਪੂੰਝੇ, ਤਾਂ ਉਸ ਨੂੰ ਅਹਿਸਾਸ ਹੋਇਆ ਕਿ ਇਸ ਅਣਜਾਣ ਭੀੜ ਵਿੱਚ ਉਹ ਆਪਣੇ ਪੁੱਤਾਂ ਦੇ ਘਰ ਨਾਲੋਂ ਵਧੇਰੇ ਸੁਰੱਖਿਅਤ ਮਹਿਸੂਸ ਕਰ ਰਿਹਾ ਸੀ, ਕਿਉਂਕਿ ਇੱਥੇ ਕੋਈ ਉਸ ਨੂੰ ਨਫ਼ਰਤ ਭਰੀਆਂ ਨਜ਼ਰਾਂ ਨਾਲ ਦੇਖਣ ਵਾਲਾ ਨਹੀਂ ਸੀ। ਸਟੇਸ਼ਨ ਦੇ ਕੋਲ ਹੀ ਬਣੇ ਇੱਕ ਛੋਟੇ ਜਿਹੇ ਧਾਰਮਿਕ ਸਥਾਨ ਦੇ ਸੇਵਾਦਾਰ ਨੇ ਜਦੋਂ ਇਸ ਬਜ਼ੁਰਗ ਦੇ ਚਿਹਰੇ ਦੀ ਉਦਾਸੀ ਅਤੇ ਭੁੱਖ ਦੇਖੀ, ਤਾਂ ਉਸ ਨੇ ਆਦਰ ਨਾਲ ਕਰਤਾਰ ਸਿੰਘ ਨੂੰ ਅੰਦਰ ਬੁਲਾਇਆ। ਉੱਥੇ ਗਰਮ ਰੋਟੀ ਦਾ ਪਹਿਲਾ ਬੁਰਕਾ ਮੂੰਹ ਵਿੱਚ ਪਾਉਂਦਿਆਂ ਹੀ ਕਰਤਾਰ ਸਿੰਘ ਦੀਆਂ ਅੱਖਾਂ ਵਿੱਚੋਂ ਹੰਝੂ ਵਹਿ ਤੁਰੇ। ਉਸ ਨੂੰ ਯਾਦ ਆਇਆ ਕਿ ਉਸ ਦੀ ਆਪਣੀ ਕਮਾਈ ਨਾਲ ਪਲਣ ਵਾਲੇ ਪੁੱਤਾਂ ਦੇ ਘਰ ਵਿੱਚ ਉਸ ਨੂੰ ਆਖਰੀ ਵਾਰ ਰੋਟੀ ਕਦੋਂ ਇੱਜ਼ਤ ਨਾਲ ਮਿਲੀ ਸੀ। ਉਸੇ ਸੇਵਾਦਾਰ ਦੀ ਮਦਦ ਨਾਲ ਕਰਤਾਰ ਸਿੰਘ ਨੂੰ ਸ਼ਹਿਰ ਤੋਂ ਦੂਰ ਇੱਕ ਬਿਰਧ ਆਸ਼ਰਮ ਵਿੱਚ ਜਗ੍ਹਾ ਮਿਲ ਗਈ। ਉਸ ਆਸ਼ਰਮ ਦੀਆਂ ਦੀਵਾਰਾਂ ਪੀਲੀਆਂ ਸਨ ਅਤੇ ਉੱਥੇ ਰਹਿਣ ਵਾਲੇ ਹਰ ਬਜ਼ੁਰਗ ਦੀਆਂ ਅੱਖਾਂ ਵਿੱਚ ਕਰਤਾਰ ਸਿੰਘ ਵਰਗੀ ਹੀ ਕੋਈ ਨਾ ਕੋਈ ਕਹਾਣੀ ਲੁਕੀ ਹੋਈ ਸੀ। ਕੋਈ ਆਪਣੇ ਡਾਕਟਰ ਪੁੱਤ ਦਾ ਸਤਾਇਆ ਹੋਇਆ ਸੀ ਅਤੇ ਕੋਈ ਆਪਣੀ ਅਫ਼ਸਰ ਧੀ ਦਾ ਬੋਝ ਬਣ ਚੁੱਕਾ ਸੀ। ਸਮਾਂ ਲੰਘਦਾ ਗਿਆ, ਆਸ਼ਰਮ ਵਿੱਚ ਰਹਿੰਦਿਆਂ ਕਰਤਾਰ ਸਿੰਘ ਨੂੰ ਦੋ ਸਾਲ ਬੀਤ ਗਏ। ਇਸ ਦੌਰਾਨ ਨਾ ਤਾਂ ਜਗਤਾਰ ਨੇ ਉਸ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਅਤੇ ਨਾ ਹੀ ਕੁਲਵੰਤ ਨੇ। ਉਨ੍ਹਾਂ ਲਈ ਬਾਪੂ ਇੱਕ ਅਜਿਹਾ ਚੈਪਟਰ ਸੀ ਜੋ ਹੁਣ ਬੰਦ ਹੋ ਚੁੱਕਾ ਸੀ। ਉਹ ਆਪਣੀਆਂ ਪਾਰਟੀਆਂ, ਨਵੀਆਂ ਗੱਡੀਆਂ ਅਤੇ ਬੱਚਿਆਂ ਵਿੱਚ ਮਸਤ ਸਨ। ਇੱਕ ਦਿਨ ਜਗਤਾਰ ਦੇ ਬੇਟੇ ਦੀ ਸ਼ਹਿਰ ਦੇ ਇੱਕ ਵੱਡੇ ਹੋਟਲ ਵਿੱਚ ਮੰਗਣੀ ਸੀ। ਪੂਰਾ ਪਰਿਵਾਰ ਨਵੇਂ ਅਤੇ ਕੀਮਤੀ ਕੱਪੜਿਆਂ ਵਿੱਚ ਸਜਿਆ ਹੋਇਆ ਸੀ। ਹੱਸਦੇ-ਖੇਡਦੇ ਹੋਏ ਜਦੋਂ ਉਹ ਹੋਟਲ ਦੇ ਹਾਲ ਵਿੱਚ ਵੜੇ, ਤਾਂ ਉੱਥੇ ਇੱਕ ਵੱਡੀ ਸਕ੍ਰੀਨ ’ਤੇ ਸ਼ਹਿਰ ਦੀ ਇੱਕ ਸਮਾਜ ਸੇਵੀ ਸੰਸਥਾ ਦੀ ਵੀਡੀਓ ਚੱਲ ਰਹੀ ਸੀ, ਜੋ ਬਿਰਧ ਆਸ਼ਰਮ ਦੇ ਬਜ਼ੁਰਗਾਂ ਦੀ ਮਦਦ ਲਈ ਫੰਡ ਇਕੱਠਾ ਕਰ ਰਹੀ ਸੀ।

ਉਸ ਵੀਡੀਓ ਵਿੱਚ ਅਚਾਨਕ ਇੱਕ ਬਿਰਧ ਚਿਹਰਾ ਸਾਹਮਣੇ ਆਇਆ। ਚਿੱਟੀ ਲੰਮੀ ਦਾੜ੍ਹੀ, ਅੱਖਾਂ ਵਿੱਚ ਇੱਕ ਅਥਾਹ ਖ਼ਾਮੋਸ਼ੀ, ਅਤੇ ਹੱਥ ਵਿੱਚ ਇੱਕ ਲੱਕੜ ਦੀ ਸੋਟੀ—ਉਹ ਕੋਈ ਹੋਰ ਨਹੀਂ, ਸਰਦਾਰ ਕਰਤਾਰ ਸਿੰਘ ਸੀ। ਉਹ ਵੀਡੀਓ ਵਿੱਚ ਆਸ਼ਰਮ ਦੇ ਬਾਕੀ ਬਜ਼ੁਰਗਾਂ ਨਾਲ ਬੈਠਾ ਇੱਕ ਗੀਤ ਸੁਣ ਰਿਹਾ ਸੀ। ਜਗਤਾਰ ਅਤੇ ਕੁਲਵੰਤ ਦੇ ਪੈਰ ਉੱਥੇ ਹੀ ਜੰਮ ਗਏ। ਹਾਲ ਵਿੱਚ ਮੌਜੂਦ ਉਨ੍ਹਾਂ ਦੇ ਦੋਸਤ ਅਤੇ ਰਿਸ਼ਤੇਦਾਰ ਕਹਿ ਰਹੇ ਸਨ, "ਦੇਖੋ, ਕਿੰਨੇ ਬੇਦਰਦ ਹੁੰਦੇ ਨੇ ਉਹ ਲੋਕ ਜੋ ਆਪਣੇ ਮਾਪਿਆਂ ਨੂੰ ਇਸ ਉਮਰ ਵਿੱਚ ਆਸ਼ਰਮਾਂ ਵਿੱਚ ਸੜਨ ਲਈ ਛੱਡ ਦਿੰਦੇ ਨੇ।" ਇਹ ਸੁਣ ਕੇ ਦੋਵਾਂ ਭਰਾਵਾਂ ਦੀਆਂ ਧੌਣਾਂ ਸ਼ਰਮ ਨਾਲ ਝੁਕ ਗਈਆਂ। ਉਨ੍ਹਾਂ ਦੇ ਮਹਿੰਗੇ ਕੱਪੜੇ ਅਤੇ ਸਮਾਜ ਵਿੱਚ ਬਣਾਈ ਇੱਜ਼ਤ ਪਲ ਭਰ ਵਿੱਚ ਮਿੱਟੀ ਹੋ ਗਈ।

ਉਸੇ ਰਾਤ ਸ਼ਰਮਿੰਦਗੀ ਅਤੇ ਲੋਕਾਂ ਦੇ ਤਾਅਨਿਆਂ ਦੇ ਡਰੋਂ ਦੋਵੇਂ ਭਰਾ ਉਸ ਬਿਰਧ ਆਸ਼ਰਮ ਪਹੁੰਚੇ। ਉਨ੍ਹਾਂ ਨੇ ਕਰਤਾਰ ਸਿੰਘ ਨੂੰ ਦੇਖਿਆ ਜੋ ਇੱਕ ਛੋਟੀ ਜਿਹੀ ਮੰਜੀ ’ਤੇ ਬੈਠਾ ਪਾਠ ਕਰ ਰਿਹਾ ਸੀ। ਜਗਤਾਰ ਨੇ ਅੱਗੇ ਵਧ ਕੇ ਕਰਤਾਰ ਸਿੰਘ ਦੇ ਪੈਰ ਫੜ ਲਏ ਅਤੇ ਰੋਂਦੇ ਹੋਏ ਕਿਹਾ, "ਬਾਪੂ, ਸਾਨੂੰ ਮੁਆਫ਼ ਕਰ ਦੇ... ਸਾਡੇ ਤੋਂ ਬਹੁਤ ਵੱਡੀ ਗਲਤੀ ਹੋ ਗਈ। ਪਿੰਡ ਵਾਲੇ ਅਤੇ ਸ਼ਹਿਰ ਦੇ ਸਾਰੇ ਰਿਸ਼ਤੇਦਾਰ ਸਾਡੇ ’ਤੇ ਥੂ-ਥੂ ਕਰ ਰਹੇ ਨੇ। ਚੱਲ ਸਾਡੇ ਨਾਲ ਘਰ, ਅਸੀਂ ਤੈਨੂੰ ਬਹੁਤ ਸੁਖੀ ਰੱਖਾਂਗੇ।"

ਕਰਤਾਰ ਸਿੰਘ ਨੇ ਹੌਲੀ ਦੇਣੇ ਆਪਣੇ ਪੈਰ ਪਿੱਛੇ ਖਿੱਚ ਲਏ। ਉਸ ਦੇ ਚਿਹਰੇ ’ਤੇ ਨਾ ਕੋਈ ਗੁੱਸਾ ਸੀ ਅਤੇ ਨਾ ਹੀ ਕੋਈ ਮੋਹ। ਉਸ ਨੇ ਬੜੀ ਸੰਜੀਦਗੀ ਨਾਲ ਕਿਹਾ, "ਪੁੱਤੋ, ਤੁਸੀਂ ਮੈਨੂੰ ਘਰ ਲੈਣ ਨਹੀਂ ਆਏ, ਤੁਸੀਂ ਸਮਾਜ ਵਿੱਚ ਆਪਣੀ ਟੁੱਟਦੀ ਹੋਈ ਇੱਜ਼ਤ ਬਚਾਉਣ ਆਏ ਹੋ। ਜਦੋਂ ਮੇਰੇ ਹੱਡਾਂ ਵਿੱਚ ਜਾਨ ਸੀ ਉਦੋਂ ਮੈਂ ਤੁਹਾਡੇ ਲਈ ਦਿਨ-ਰਾਤ ਇੱਕ ਕੀਤਾ ਤੇ ਹੁਣ ਜਦੋਂ ਮੈਂ ਬਿਰਧ ਹੋ ਗਿਆ ਹਾਂ ਤਾਂ ਤੁਹਾਡੇ ਘਰਾਂ ਵਿੱਚ ਫਾਲਤੂ ਸਾਮਾਨ ਬਣ ਗਿਆ ਹਾਂ। ਹੁਣ ਜਦੋਂ ਮੇਰਾ ਇਸ ਦੁਨੀਆ ਨਾਲੋਂ ਮੋਹ ਹੀ ਟੁੱਟ ਗਿਆ ਹੈ, ਤਾਂ ਮੈਂ ਉਸ ਸ਼ਹਿਰ ਦੀ ਜੇਲ੍ਹ ਵਿੱਚ ਵਾਪਸ ਕਿਉਂ ਜਾਵਾਂ? ਮੇਰੀ ਜ਼ਮੀਨ, ਮੇਰਾ ਘਰ ਅਤੇ ਮੇਰਾ ਪੁੱਤ-ਮੋਹ ਸਭ ਉਸੇ ਦਿਨ ਖ਼ਤਮ ਹੋ ਗਿਆ ਸੀ ਜਿਸ ਦਿਨ ਮੈਂ ਤੁਹਾਡੇ ਲਈ ਚਿੱਠੀ ਛੱਡ ਕੇ ਆਇਆ ਸੀ।"

ਕੁਲਵੰਤ ਨੇ ਵੀ ਹੱਥ ਜੋੜੇ, ਪਰ ਕਰਤਾਰ ਸਿੰਘ ਨੇ ਪਿੱਠ ਘੁਮਾ ਲਈ। ਉਸ ਨੇ ਆਖਿਆ, "ਜਾਓ ਪੁੱਤੋ, ਆਪਣੀਆਂ ਕੋਠੀਆਂ ਤੇ ਗੱਡੀਆਂ ਸਾਂਭੋ। ਮੈਨੂੰ ਮੇਰੇ ਰੱਬ ਦੇ ਘਰ ਵਿੱਚ ਸਕੂਨ ਨਾਲ ਮਰਨ ਦਿਓ।" ਦੋਵੇਂ ਭਰਾ ਖਾਲੀ ਹੱਥ ਅਤੇ ਲਾਹਨਤਾਂ ਦਾ ਭਾਰ ਚੁੱਕ ਕੇ ਵਾਪਸ ਪਰਤ ਗਏ।

ਕਰਤਾਰ ਸਿੰਘ ਨੇ ਉਸ ਰਾਤ ਆਪਣੇ ਕਮਰੇ ਦੀ ਖਿੜਕੀ ਤੋਂ ਬਾਹਰ ਆਸਮਾਨ ਵੱਲ ਦੇਖਿਆ। ਉੱਥੇ ਕੋਈ ਹਵੇਲੀ ਨਹੀਂ ਸੀ, ਕੋਈ ਜ਼ਮੀਨ ਨਹੀਂ ਸੀ, ਪਰ ਇੱਕ ਅਜਿਹੀ ਆਜ਼ਾਦੀ ਸੀ ਜੋ ਉਸ ਨੂੰ ਆਪਣੀ ਹੀ ਔਲਾਦ ਦੇ ਮਹਿਲਾਂ ਵਿੱਚ ਕਦੇ ਨਸੀਬ ਨਹੀਂ ਹੋਈ ਸੀ। ਉਹ ਬੇਕਦਰੀ ਦੇ ਦੌਰ ਵਿੱਚੋਂ ਲੰਘ ਕੇ ਹੁਣ ਇੱਕ ਅਜਿਹੇ ਮੁਕਾਮ ’ਤੇ ਪਹੁੰਚ ਚੁੱਕਾ ਸੀ, ਜਿੱਥੇ ਦੁਨੀਆ ਦੇ ਸਾਰੇ ਰਿਸ਼ਤੇ ਫਿੱਕੇ ਪੈ ਚੁੱਕੇ ਸਨ।



**ਮਨਜੀਤ ਮਾਨ**
ਮੋਬਾਈਲ 7009898044

# ਕਰਮਾਂ ਵਾਲੀ ਕੋਠੀ



ਪ੍ਰਗਟ ਸਿੰਘ ਦੋ ਭੈਣਾਂ ਦਾ ਇਕਲੌਤਾ ਭਰਾ ਸੀ। ਉਸ ਨੇ ਪੜ੍ਹਦੇ ਪੜ੍ਹਦੇ ਨੇ ਹੀ ਆਪਣੇ ਬਾਪੂ ਨਾਲ ਖੇਤੀਬਾੜੀ ਦਾ ਕੰਮ ਸੰਭਾਲ ਲਿਆ ਸੀ ਕਿਉਂਕਿ ਜ਼ਮੀਨ ਜ਼ਿਆਦਾ ਸੀ। ਉਹ ਪਿੰਡ ਵਿੱਚ ਪੁਰਾਣੇ ਘਰ ਵਿੱਚ ਹੀ ਰਹਿੰਦੇ ਸਨ। ਕਈ ਵਾਰ ਨਵਾਂ ਘਰ ਬਣਾਉਣ ਦੀ ਸਲਾਹ ਕਰਦੇ ਪਰ ਕੋਈ ਨਾ ਕੋਈ ਅੜਿੱਕਾ ਪੈ ਜਾਂਦਾ। ਪਹਿਲਾਂ ਇਸ ਦਾ ਵਿਆਹ ਕਰਨ ਕਰਕੇ ਨਵੇਂ ਘਰ ਦੀ ਉਸਾਰੀ ਦਾ ਚੱਕਣ ਨਾ ਚੱਕਿਆ, ਫੇਰ ਅੱਗੜ ਪਿੱਛੜ ਕੁੜੀਆਂ ਲਈ ਵਧੀਆ ਬਾਹਰਲੇ ਮੁੰਡੇ ਮਿਲ਼ ਗਏ, ਉਹਨਾਂ ਦੇ ਵਿਆਹਾਂ ਕਾਰਨ ਨਵਾਂ ਘਰ ਬਣਾਉਣ ਲਈ ਹੱਥ ਨਾ ਪਿਆ। ਫਿਰ ਉਸ ਦੇ ਬੇਬੇ ਬਾਪੂ ਬਿਮਾਰ ਰਹਿਣ ਲੱਗੇ ਉਹਨਾਂ ਦੀ ਸਾਂਭ ਸੰਭਾਲ ਤੇ ਦਵਾਈ ਬੂਟੀ ਕਰਦੇ ਨਵੀਂ ਕੋਠੀ ਬਣਾਉਣ ਦੀ ਰੀਝ ਮਨ ਵਿੱਚ ਹੀ ਰਹਿੰਦੀ। ਜਦ ਤੱਕ ਇਸ ਦਾ ਵੱਡਾ ਮੁੰਡਾ ਨੌਂ ਸਾਲ ਦਾ ਹੋ ਗਿਆ ਸੀ ਤੇ ਕੁੜੀ ਸੱਤਵੇਂ ਸਾਲ ਵਿੱਚ ਸੀ। ਫੇਰ ਬੇਬੇ ਬਾਪੂ ਛੇ ਮਹੀਨੇ ਦੇ ਫ਼ਰਕ ਨਾਲ ਦੁਨੀਆਂ ਤੋਂ ਤੁਰ ਗਏ। ਪਿੱਛੇ ਪ੍ਰਗਟ ਲਈ ਐਨੀ ਜ਼ਮੀਨ ਜਾਇਦਾਦ ਛੱਡ ਕੇ ਗਏ ਸਨ ਉਹਨਾਂ ਦਾ ਮਰਨਾ ਵੀ ਖ਼ੂਬ ਖ਼ਰਚਾ ਕਰਕੇ ਕੀਤਾ। ਪ੍ਰਗਟ ਦੀ ਬੇਬੇ ਬਾਪੂ ਤੋਂ ਛੇ ਕੁ ਮਹੀਨੇ ਪਹਿਲਾਂ ਪੂਰੀ ਹੋ ਗਈ ਸੀ, ਉਦੋਂ ਪ੍ਰਗਟ ਦੀ ਘਰਵਾਲ਼ੀ ਨਿਮਰਤ ਨੇ ਆਪਣੀਆਂ ਨਣਦਾਂ ਨਾਲ ਨਵੀਂ ਕੋਠੀ ਬਣਾਉਣ ਦੀ ਗੱਲ ਕਰਦੀ ਨੇ ਆਖਿਆ ਸੀ,"ਭੈਣ ਜੀ... ਰੱਬ ਸੁੱਖ ਰੱਖੇ... ਹੁਣ ਜਦ ਅਗਲੀ ਵਾਰ..... ਤੁਸੀਂ ਬਾਹਰੋਂ ਆਵੋਗੀਆਂ ਤਾਂ .... ਆਪਾਂ ਨੇ ਵੱਡੀ ਨਵੀਂ ਕੋਠੀ ਬਣਾ ਹੀ ਲੈਣੀ ਐਂ.... ਜਦ ਸਾਨੂੰ ਪੁਰਾਣੇ ਘਰ ਵਿੱਚ ਰਹਿਣਾ ਔਖਾ ਲੱਗਦਾ.... ਤਾਂ ਤੁਹਾਨੂੰ ਬਾਹਰੋਂ ਆ ਕੇ ਕਿੰਨਾ ਔਖਾ ਲੱਗਦਾ ਹੋਊ.....!"

"ਹਾਂ ਭਾਬੀ.....ਚਾਹੇ ਅਸੀਂ ਇੱਥੇ ਈ ਜੰਮੀਆਂ ਪਲੀਆਂ..... ਪਰ ਹੁਣ ਬਾਹਰ ਵਾਲੀਆਂ ਸੁਖ ਸਹੂਲਤਾਂ ਦੇ ਹਿਸਾਬ ਨਾਲ ਰਹਿਣ ਦੀ ਆਦਤ ਪੈਗੀ ਐ..... ਹੁਣ ਔਖਾ ਲੱਗਦਾ ਪੁਰਾਣੇ ਘਰ ਵਿੱਚ ਰਹਿਣਾ....ਬੀਬੀ ਦਾ ਵਰੀਨਾ ਕਰਕੇ ਸ਼ੁਰੂ ਕਰ ਲਿਓ...!" ਛੋਟੀ ਕੁੜੀ ਨੇ ਆਪਣੀ ਭਾਬੀ ਦੀ ਗੱਲ ਨਾਲ਼ ਸਹਿਮਤੀ ਪ੍ਰਗਟਾਉਂਦੇ ਹੋਏ ਕਿਹਾ। ਉਹਨਾਂ ਨੂੰ ਕੀ ਪਤਾ ਸੀ ਕਿ ਜਦ ਤੱਕ ਉਹ ਨਵੀਂ ਕੋਠੀ ਬਣਾਉਣ ਦੀ ਸਲਾਹ ਕਰਦੇ ਨੇ..... ਉਦੋਂ ਤੱਕ ਬਾਪੂ ਵੀ ਵੱਧ ਬਿਮਾਰ ਰਹਿ ਕੇ ਛੇ ਮਹੀਨੇ ਬਾਅਦ ਉਹ ਵੀ ਸੰਸਾਰ ਤੋਂ ਤੁਰ ਜਾਵੇਗਾ ।

ਬਾਪੂ ਦੇ ਭੋਗ ਤੇ ਆਈਆਂ ਕੁੜੀਆਂ ਨੇ ਇਸ ਵਾਰ ਆਪਣੇ ਭਰਾ ਭਰਜਾਈ ਨੂੰ ਸਲਾਹ ਦਿੱਤੀ," ..... ਵੀਰੇ.... ਕੀ ਤੂੰ ਸਾਰਾ ਦਿਨ ਖੇਤਾਂ ਵਿੱਚ ਮਿੱਟੀ ਨਾਲ ਮਿੱਟੀ ਹੋਇਆ ਰਹਿੰਦਾ.... ਤੇ ਭਾਬੀ ਵਿਚਾਰੀ ਤੋਂ ਸਾਰਾ ਦਿਨ ਚੌਂਕਾ ਚੁੱਲ੍ਹਾ ਨੀ ਨਿਬੜਦਾ..... ਨਿਆਣੇ ਅੱਡ ਰੁਲੇ ਰਹਿੰਦੇ ਨੇ.... ਹੁਣ ਬੇਬੇ ਬਾਪੂ ਦਾ ਵੀ ਸਹਾਰਾ ਨੀ ਰਿਹਾ..... ਅਸੀਂ ਤਾਂ ਚਾਹੁੰਦੀਆਂ..... ਨਵੀਂ ਕੋਠੀ ਬਣਾਉਣ ਦਾ ਖਹਿੜਾ ਛੱਡ......ਤੂੰ ਟੱਬਰ ਸਮੇਤ ਕਨੇਡਾ ਦੀ ਫਾਈਲ ਲਾ ਦੇ,.... ਤੇ ਜ਼ਮੀਨ ਠੇਕੇ ਤੇ ਦੇ ਦੇ....!" ਵੱਡੀ ਭੈਣ ਨੇ ਦੋਹਾਂ ਭੈਣਾਂ ਦੇ ਦਿਲ ਦੀ ਗੱਲ ਆਖੀ। ਉਹਨਾਂ ਦੀ ਇਹ ਗੱਲ ਪ੍ਰਗਟ ਤੇ ਨਿਮਰਤ ਦੇ ਦਿਲ ਲੱਗੀ।

ਉਹਨਾਂ ਨੇ ਦੋ ਕੁ ਮਹੀਨੇ ਰੁਕ ਕੇ ਆਪਣੇ ਅਤੇ ਆਪਣੇ ਜਵਾਕਾਂ ਦੇ ਕਾਗਜ਼ ਪੱਤਰ ਭਰ ਕੇ ਪਰਿਵਾਰ ਸਮੇਤ ਕਨੇਡਾ ਦੀ ਫਾਈਲ ਲਾ ਦਿੱਤੀ। ਪਰ ਉਹਨਾਂ ਦਾ ਵੀਜ਼ਾ ਨਾ ਲੱਗਿਆ।ਉਹ ਬਹੁਤ ਨਿਰਾਸ਼ ਹੋਏ। ਫਿਰ ਨਿਮਰਤ ਨੇ ਪ੍ਰਗਟ ਨੂੰ ਆਖਿਆ ਕਿ ਹੁਣ ਤਾਂ ਰੱਬ ਦਾ ਨਾਂ ਲੈ ਕੇ ਨਵੀਂ ਕੋਠੀ ਬਣਾਉਣੀ ਸ਼ੁਰੂ ਕਰ ਹੀ ਲਵੇ। ਪਿੰਡ ਵਿੱਚ ਦੋ ਦੋ ਕਿੱਲੇ ਜ਼ਮੀਨ ਵਾਲਿਆਂ ਨੇ ਵੀ ਨਵੀਆਂ ਕੋਠੀਆਂ ਉਸਾਰ ਲਈਆਂ ਸਨ। ਪ੍ਰਗਟ ਨੇ ਵੀ ਪਿੰਡ ਦੀ ਫਿਰਨੀ ਤੇ ਲੱਗਦੀ ਜ਼ਮੀਨ ਵਿੱਚ ਅੱਧੇ ਕੁ ਕਿੱਲੇ ਨੂੰ ਵਗਲ਼ ਕੇ ਕੋਠੀ ਬਣਾਉਣੀ ਸ਼ੁਰੂ ਕਰ ਦਿੱਤੀ। ਕੋਠੀ ਦੀਆਂ ਨੀਹਾਂ ਦੀ ਚਿਣਾਈ ਕਰਕੇ ਬਾਕੀ ਦੀਵਾਰਾਂ ਦੀ ਵੀ ਚਾਰ ਚਾਰ ਫੁੱਟ ਚਿਣਾਈ ਹੋ ਗਈ ਸੀ। ਨਿਮਰਤ ਨੂੰ ਉਸ ਦੀ ਛੋਟੀ ਨਣਦ ਦਾ ਫ਼ੋਨ ਆਇਆ,ਜੋ ਇੰਗਲੈਂਡ ਵਿੱਚ ਰਹਿੰਦੀ ਸੀ। ਉਹ ਆਖਣ ਲੱਗੀ, " ਭਾਬੀ..... ਮੈਂ ਥੋਡੀ ਸਾਰੇ ਟੱਬਰ ਦੀ ਰਾਹਦਾਰੀ ਭੇਜਣ ਲੱਗੀ ਹਾਂ..... ਤੁਸੀਂ ਆਪਣੇ ਕਾਗਜ਼ ਭਰ ਦਿਓ....ਤੇ ਮੇਰੇ ਕੋਲ਼ ਦੋ ਮਹੀਨੇ ਲਾ ਜਾਓ..... ਇਹਦੇ ਨਾਲ ਤੁਹਾਡਾ ਬਾਹਰ ਜਾਣ ਦਾ ਰਾਹ ਖੁੱਲ੍ਹ ਜਾਵੇਗਾ.....!" ਨਿਮਰਤ ਤੇ ਪ੍ਰਗਟ ਨੇ ਉਸ ਦੀ ਸਲਾਹ ਮੁਤਾਬਕ ਉਵੇਂ ਹੀ ਕੀਤਾ। ਜਿਸ ਦਿਨ ਕੋਠੀ ਦਾ ਲੈਂਟਰ ਪੈਣਾ ਸੀ.... ਉਸ ਦਿਨ ਉਹਨਾਂ ਦਾ ਸਾਰੇ ਟੱਬਰ ਦਾ ਇੰਗਲੈਂਡ ਦਾ ਵੀਜ਼ਾ ਲੱਗ ਕੇ ਆ ਗਿਆ। ਸਾਰੇ ਟੱਬਰ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਕੋਠੀ ਦਾ ਲੈਂਟਰ ਪਵਾ ਕੇ ਤੇ ਅੰਦਰੋਂ ਪਲਸਤਰ ਕਰਵਾ ਕੇ ਸਾਰਾ ਟੱਬਰ ਦੋ ਮਹੀਨੇ ਲਈ ਛੋਟੀ ਕੁੜੀ ਕੋਲ ਇੰਗਲੈਂਡ ਚਲੇ ਗਏ।

ਦੋ ਮਹੀਨੇ ਬਾਅਦ ਵਾਪਸ ਆ ਕੇ ਨਵੀਂ ਕੋਠੀ ਦਾ ਕੰਮ ਫਿਰ ਸ਼ੁਰੂ ਕਰਵਾ ਦਿੱਤਾ। ਨਾਲ਼ ਦੀ ਨਾਲ਼ ਹੀ ਉਹਨਾਂ ਨੇ ਫਿਰ ਕਨੇਡਾ ਜਾਣ ਲਈ ਅਪਲਾਈ ਕਰ ਦਿੱਤਾ। ਹਜੇ ਕੋਠੀ ਦਾ ਕੰਮ ਬਾਹਰੋਂ ਪੂਰਾ ਵੀ ਨਹੀਂ ਹੋਇਆ ਸੀ ਤੇ ਰੰਗ ਰੋਗਨ ਵੀ ਰਹਿੰਦਾ ਸੀ ਉਹਨਾਂ ਨੇ ਪਾਠ ਕਰਵਾ ਕੇ ਪੁਰਾਣੇ ਘਰ ਵਿੱਚੋਂ ਸਮਾਨ ਨਵੀਂ ਕੋਠੀ ਵਿੱਚ ਸ਼ਿਫਟ ਕਰ ਲਿਆ। ਹਜੇ ਨਵੀਂ ਕੋਠੀ ਵਿੱਚ ਆਏ ਦੋ ਦਿਨ ਹੀ ਹੋਏ ਸਨ ਕਿ ਸਾਰੇ ਟੱਬਰ ਦਾ ਕਨੇਡਾ ਦਾ ਵੀਜ਼ਾ ਲੱਗ ਕੇ ਆ ਗਿਆ। ਉਹਨਾਂ ਨੂੰ ਪਿੰਡ ਦੇ ਲੋਕ ਵਧਾਈਆਂ ਦੇਣ ਆਉਣ। ਉਹ ਸਾਰਾ ਟੱਬਰ ਦੋ ਕੁ ਮਹੀਨਿਆਂ ਵਿੱਚ ਸਾਰਾ ਟੱਬਰ ਬਾਹਰ ਚਲਿਆ ਗਿਆ। ਨਿਮਰਤ ਤਾਂ ਬੱਚਿਆਂ ਨਾਲ ਉੱਥੇ ਹੀ ਪੱਕੇ ਤੌਰ ਤੇ ਰਹਿਣ ਲੱਗ ਪਈ ਜਦ ਕਿ ਪ੍ਰਗਟ ਵਾਪਸ ਆ ਗਿਆ ਕਿਉਂਕਿ ਏਥੇ ਵਾਲੀ ਸਰਦਾਰੀ ਉੱਥੇ ਕਿੱਥੇ ਲੱਭਣੀ ਸੀ । ਉਹ ਕਦੇ ਸਾਲ ਛੇ ਮਹੀਨੇ ਬਾਅਦ ਆਪਣੇ ਪਰਿਵਾਰ ਕੋਲ ਜਾ ਕੇ ਦੋ ਚਾਰ ਮਹੀਨੇ ਰਹਿ ਆਉਂਦਾ। ਜਦ ਇੱਥੇ ਵੀ ਹੁੰਦਾ ਤਾਂ ਕਦੇ ਉਹ ਕਿਸੇ ਦੋਸਤ ਕੋਲ ਰਹਿ ਲੈਂਦਾ ਤੇ ਅਕਸਰ ਜਲਦੀ ਹੀ ਸੌਂ ਜਾਂਦਾ। ਉਹ ਕੋਠੀ ਦੇ ਜਿਹੜੇ ਦੋ ਕਮਰੇ ਵਰਤਦਾ ਉਹਨਾਂ ਨੂੰ ਹੀ ਖੋਲ੍ਹਦਾ ਤੇ ਬਾਕੀਆਂ ਨੂੰ ਬੰਦ ਹੀ ਰੱਖਦਾ। ਕੋਠੀ ਦੀ ਤਿਆਰੀ ਇਸ ਲਈ ਨਾ ਕਰਵਾਉਂਦਾ ਕਿਉਂਕਿ ਘਰਵਾਲ਼ੀ ਤੇ ਬੱਚੇ ਤਾਂ ਬਾਹਰ ਦੇ ਹੋ ਕੇ ਰਹਿ ਗਏ ਸਨ।ਉਹ ਇੱਥੇ ਆਉਣ ਨੂੰ ਰਾਜ਼ੀ ਨਹੀਂ ਸਨ।

ਸੜਕ ਤੋਂ ਲੰਘੀਆਂ ਜਾਂਦੀਆਂ ਬੁੜੀਆਂ ਅਕਸਰ ਕੋਠੀ ਵੱਲ ਵੇਖ ਕੇ ਉਹਨਾਂ ਦੀ ਕੋਈ ਨਾ ਕੋਈ ਗੱਲ ਛੇੜ ਲੈਂਦੀਆਂ ਤੇ ਵਿੱਚੋਂ ਕੋਈ ਨਾ ਕੋਈ ਆਖ ਈ ਦਿੰਦੀ,"..... ਭਾਈ ..... ਇਹ ਕੋਠੀ ਤਾਂ ਬਹੁਤ ਕਰਮਾਂ ਵਾਲੀ ਐ ..... ਜਦੋਂ ਦੀ ਬਣਨ ਲੱਗੀ.... ਉਦੋਂ ਦੇ ਤਾਂ ਉਹਨਾਂ ਦੇ ਸਾਰੇ ਟੱਬਰ ਦੇ ਵੀਜੇ ਈ ਲੱਗੀ ਗਏ.... ਦੇਖਲੋ ਇਹ ਕੋਠੀ ਹੁਣ ਬਾਹਰ ਵਾਲਿਆਂ ਦੀ ਕੋਠੀ ਓ ਈ ਵੱਜਦੀ ਆ..... !"

ਕੋਠੀ ਬਿਨਾਂ ਰੰਗ ਰੋਗਨ ਤੋਂ ਅਧੂਰੀ ਖੜ੍ਹੀ ਇਸ ਤਰ੍ਹਾਂ ਜਾਪਦੀ ਜਿਵੇਂ ਆਖ ਰਹੀ ਹੋਵੇ," ..... ਭੈਣੇ...... ਮੈਂ ਤਾਂ ਕਰਮਾਂ ਵਾਲੀ ਤਾਂ ਹੁੰਦੀ...... ਜੇ ਮੇਰੇ ਮਾਲਕ ਮੇਰੇ ਵਿੱਚ ਹੱਸਦੇ ਖੇਡਦੇ ਅੱਠੇ ਪਹਿਰ ਰੌਣਕਾਂ ਲਾ ਕੇ ਰੱਖਦੇ .....ਵਧਦੇ ਫੁੱਲਦੇ.....ਮੈਨੂੰ ਰੰਗ ਰੋਗਨ ਕਰਵਾ ਕੇ ਸ਼ਿੰਗਾਰਦੇ..... ਛੋਟੇ ਛੋਟੇ ਬੱਚੇ ਆਪਣੇ ਸਾਥੀਆਂ ਨਾਲ ਮੇਰੇ ਵਿਹੜੇ ਵਿੱਚ ਲੁੱਡੀਆਂ ਪਾਉਂਦੇ...... ਸਵੇਰੇ ਸਵੇਰੇ ਸਕੂਲ ਨੂੰ ਜਾਂਦੇ..... ਸਾਰਾ ਦਿਨ ਮੇਰਾ ਵੱਡਾ ਸਾਰਾ ਗੇਟ ਉਹਨਾਂ ਦੇ ਆਉਣ ਦਾ ਇੰਤਜ਼ਾਰ ਕਰਦਾ.....ਰੋਜ਼ ਸ਼ਾਮ ਨੂੰ ਤਰ੍ਹਾਂ ਤਰ੍ਹਾਂ ਦੀਆਂ ਬੱਤੀਆਂ ਜਗਦੀਆਂ ਤੇ ਮੈਂ ਚਮਚਮ ਕਰਦੀ ਪਿੰਡ ਦਾ ਸ਼ਿੰਗਾਰ ਬਣਦੀ...... ਤੁਸੀਂ ਮੇਰਾ ਦਰਦ ਕੀ ਜਾਣੋਂ..... ਦਿਨ ਤਿਉਹਾਰ ਨੂੰ ਵੀ ਜਦ ਪਿੰਡ ਦੇ ਨਿੱਕੇ ਨਿੱਕੇ ਘਰ ਸਜੇ ਹੋਏ ਦਿਸਦੇ ਹਨ ਤੇ ਮੈਂ ਲਿਬੜੀ ਤਿੱਬੜੀ ਕਿੰਨੀ ਅਭਾਗਣ ਮਹਿਸੂਸ ਕਰਦੀ ਹਾਂ.....!"



**ਬਰਜਿੰਦਰ ਕੌਰ ਬਿਸਰਾਓ...**
9988901324

# ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ ਤੇ ਰੂੜ੍ਹੀਵਾਦੀ ਵਿਚਾਰਾਂ ਦੇ ਹਨੇਰੇ ਵਿੱਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਵਿੱਚ ਆਉਣ ਦਾ ਸੁਨੇਹਾ -ਮਾਸਟਰ ਪਰਮਵੇਦ

**ਸੰਗਰੂਰ**

ਸਾਡੇ ਸਮਾਜ ਦੇ ਜ਼ਿਆਦਾਤਰ ਲੋਕ ਪੀੜ੍ਹੀ ਦਰ ਪੀੜ੍ਹੀ ਰੂੜੀਵਾਦੀ ਸੋਚ ਰੱਖਦੇ ਹੋਣ ਕਰਕੇ ਕਈ ਤਰ੍ਹਾਂ ਦੇ ਵਹਿਮਾਂ-ਭਰਮਾਂ, ਅੰਧਵਿਸ਼ਵਾਸਾਂ, ਕਾਲੇ ਇਲਮ, ਜਾਦੂ ਟੂਣਿਆਂ, ਭੂਤ ਪ੍ਰੇਤਾਂ, ਧਾਗੇ ਤਵੀਤਾਂ, ਕਿਸਮਤਵਾਦ, ਅਧਿਆਤਮਵਾਦ, ਅਖੌਤੀ ਚਮਤਕਾਰਾਂ, ਰੂੜੀਵਾਦੀ ਰਸਮਾਂ, ਡੇਰਿਆਂ, ਪਾਖੰਡੀ ਬਾਬਿਆਂ, ਤਾਂਤਰਿਕਾਂ, ਸਿਆਣਿਆਂ ਅਤੇ ਜੋਤਸ਼ੀਆਂ ਦੇ ਮੱਕੜਜਾਲ ਵਿੱਚ ਬਹੁਤ ਬੁਰੀ ਤਰ੍ਹਾਂ ਫਸੇ ਹੋਏ ਹਨ। ਅਜਿਹੇ ਅਨਸਰਾਂ ਦੇ ਬਹਿਕਾਵੇ ਅਤੇ ਲਾਲਚ ਹੇਠ ਆ ਕੇ ਲੋਕ ਖ਼ੁਦ ਆਪਣੀ ਅਤੇ ਪਰਿਵਾਰਕ ਮੈਂਬਰਾਂ ਦੀ ਲੁੱਟ ਤਾਂ ਕਰਵਾਉਂਦੇ ਹੀ ਹਨ, ਪਰ ਕਈ ਵਾਰ ਅਜਿਹੇ ਘਿਨਾਉਣੇ ਅਪਰਾਧ ਵੀ ਕਰ ਬੈਠਦੇ ਹਨ ਜਿਸ ਕਾਰਣ ਉਨ੍ਹਾਂ ਨੂੰ ਸਾਰੀ ਉਮਰ ਜੇਲ੍ਹ ਵਿੱਚ ਰਹਿ ਕੇ ਪਛਤਾਉਣਾ ਪੈਂਦਾ ਹੈ। ਕੁੱਝ ਇਸੇ ਤਰ੍ਹਾਂ ਦੀ ਮਨੁੱਖ ਦੋਖੀ ਘਟਨਾਵਾਂ ਬਾਰੇ ਜਾਣਕਾਰੀ ਸਾਂਝੀ ਕਰਦੇ ਹਾਂ।

ਕੁੱਝ ਸਮਾਂ ਪਹਿਲਾਂ ਇਕ ਸਕੂਲ ਦੇ ਮਾਲਕ ਵੱਲੋਂ ਆਪਣੇ ਸਕੂਲ ਨੂੰ ਪੈਸੇ ਕਮਾਉਣ ਪੱਖੋਂ ਖੁਸ਼ਹਾਲ, ਸਫ਼ਲ ਤੇ ਪ੍ਰਸਿੱਧ ਬਣਾਉਣ ਦੀ ਲਾਲਸਾ ਨੂੰ ਲੈ ਕੇ ਆਪਣੇ ਹੀ ਸਕੂਲ ਦੇ ਮਾਸੂਮ ਵਿਦਿਆਰਥੀ ਦੀ ਬਲੀ ਦੇ ਦਿੱਤੀ ਗਈ।ਅੰਧ ਵਿਸ਼ਵਾਸੀ ਮਾਨਸਿਕਤਾ ਨੇ ਇੱਕ ਘਰ ਦਾ ਚਿਰਾਗ ਬੁਝਾ ਦਿੱਤਾ ਹੈ।ਇਸੇ ਤਰ੍ਹਾਂ ਛੱਤੀਸਗੜ੍ਹ, ਝਾਰਖੰਡ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਬਿਹਾਰ ਆਦਿ ਸੂਬਿਆਂ ਦੇ ਕਈ ਪਿਛੜੇ ਇਲਾਕਿਆਂ ਵਿੱਚ ਮੰਦ ਬੁੱਧੀ ਔਰਤਾਂ ਨੂੰ ਚੁੜੇਲ ਜਾਂ ਬੁਰੀ ਆਤਮਾ ਸਮਝ ਕੇ ਕੁੱਟ-ਕੁੱਟ ਕੇ ਜਾਨੋਂ ਮਾਰਨ ਦੀਆਂ ਘਟਨਾਵਾਂ ਵੀ ਅਕਸਰ ਵਾਪਰਦੀਆਂ ਹਨ ।ਪਿਛਲੇ ਕੁੱਝ ਸਾਲਾਂ ਵਿੱਚ ਪੰਜਾਬ ਵਿੱਚ ਵੀ ਕਈ ਪਾਖੰਡੀ ਬਾਬਿਆਂ, ਤਾਂਤਰਿਕਾਂ, ਸਿਆਣਿਆਂ, ਜੋਤਸ਼ੀਆਂ ਵੱਲੋਂ ਕਿਸੇ ਮਾਨਸਿਕ ਰੋਗ ਨਾਲ ਪੀੜਤ ਵਿਅਕਤੀ 'ਚੋਂ ਅਖੌਤੀ ਬੁਰੀ ਆਤਮਾ, ਓਪਰੀ ਸ਼ੈਅ ਜਾਂ ਭੂਤ ਪ੍ਰੇਤ ਕੱਢਣ ਦੀ ਆੜ ਹੇਠ ਕਤਲ, ਔਰਤਾਂ ਨਾਲ ਬਲਾਤਕਾਰ, ਗਰਮ ਚਿਮਟਿਆਂ ਨਾਲ ਤਸੀਹੇ ਦੇਣ ਅਤੇ ਮਾਸੂਮ ਬੱਚਿਆਂ ਦੀ ਬਲੀ ਦੇਣ ਦੀਆਂ ਦਿਲ ਕੰਬਾਊ ਅਪਰਾਧਿਕ ਘਟਨਾਵਾਂ ਵਾਪਰ ਚੁੱਕੀਆਂ ਹਨ। ਬੀਤੇ ਸਾਲ ਇੱਕ ਨੌਜਵਾਨ ਨੂੰ ਇਕ ਪਾਦਰੀ ਅਤੇ ਉਸਦੇ ਸਾਥੀਆਂ ਵੱਲੋਂ ਅਖੌਤੀ ਭੂਤ, ਪ੍ਰੇਤ, ਬੁਰੀ ਆਤਮਾ ਕੱਢਣ ਦੇ ਬਹਾਨੇ ਹੇਠ ਉਸਦੇ ਪਰਿਵਾਰਿਕ ਮੈਂਬਰਾਂ ਦੇ ਸਾਹਮਣੇ ਕੁੱਟ ਕੁੱਟ ਕੇ ਜਾਨੋਂ ਮਾਰ ਦਿੱਤਾ ਗਿਆ। ਕਈ ਸਾਲ ਪਹਿਲਾਂ ਲੁਧਿਆਣਾ ਜ਼ਿਲ੍ਹੇ ਦੇ ਇੱਕ ਪਿੰਡ ਵਿਖੇ ਇੱਕ ਵਿਅਕਤੀ ਵੱਲੋਂ ਕਿਸੇ ਦੇਵੀ ਦੇਵਤੇ ਦੀ ਪੂਜਾ ਦੇ ਨਾਮ ਹੇਠ ਇੱਕ ਤਾਂਤਰਿਕ ਦੇ ਕਹਿਣ 'ਤੇ ਚਾਰ ਸਾਲਾ ਮਾਸੂਮ ਲੜਕੇ ਦੀ ਬਹੁਤ ਬੇਰਹਿਮੀ ਨਾਲ ਹੱਤਿਆ ਕਰਕੇ ਬਲੀ ਦੇ ਦਿੱਤੀ ਗਈ।

ਇਸੇ ਤਰ੍ਹਾਂ ਦੀ ਦਿਲ ਕੰਬਾਊ ਘਟਨਾ ਵਿੱਚ ਪਿਛਲੇ ਸਾਲ ਅੰਮ੍ਰਿਤਸਰ ਜ਼ਿਲੇ ਦੇ ਇੱਕ ਪਿੰਡ ਵਿਖੇ ਸਕੇ ਰਿਸ਼ਤੇਦਾਰਾਂ ਵੱਲੋਂ ਆਪਣਾ ਕਾਰੋਬਾਰ ਵਧਾਉਣ ਲਈ ਕਿਸੇ ਤਾਂਤਰਿਕ ਦੇ ਕਹਿਣ 'ਤੇ 9 ਸਾਲਾ ਮਾਸੂਮ ਲੜਕੀ ਦੀ ਬਹੁਤ ਬੇਰਹਿਮੀ ਨਾਲ ਬਲੀ ਦੇ ਨਾਂ ਹੇਠ ਹੱਤਿਆ ਕਰ ਦਿੱਤੀ ਗਈ। ਇਸ ਤਾਂਤਰਿਕ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਤੁਹਾਡੇ ਵਪਾਰ ਉੱਤੇ ਕਿਸੇ ਸ਼ੈਤਾਨ ਦਾ ਸਾਇਆ ਹੈ ਅਤੇ ਕਿਸੇ ਮਾਸੂਮ ਬੱਚੀ ਦੀ ਬਲੀ ਦੇਣ ਤੋਂ ਬਾਅਦ ਤੁਹਾਡੇ ਕਾਰੋਬਾਰ ਵਿਚ ਲਹਿਰਾਂ ਬਹਿਰਾਂ ਹੋ ਜਾਣਗੀਆਂ। ਬੇਸ਼ੱਕ ਚਾਰੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

ਇਸੇ ਤਰ੍ਹਾਂ ਸੰਨ 2017 ਵਿੱਚ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਟ ਫ਼ੱਤਾ ਵਿਖੇ ਕਿਸੇ ਪਾਖੰਡੀ ਤਾਂਤਰਿਕ ਦੇ ਪਿੱਛਲੱਗੂ ਬਣ ਕੇ ਪਰਿਵਾਰ ਦੇ ਛੇ ਜੀਆਂ ਵੱਲੋਂ ਆਪਣੇ ਹੀ ਸਕੇ ਤਿੰਨ ਅਤੇ ਪੰਜ ਸਾਲਾਂ ਦੇ ਦੋ ਮਾਸੂਮ ਬੱਚਿਆਂ ਦੀ ਬਲੀ ਦਿੱਤੀ ਗਈ ਸੀ ਅਤੇ ਇਸ ਅਤਿ ਘਿਨਾਉਣੇ ਅਪਰਾਧ ਕਾਰਣ 23 ਮਾਰਚ 2024 ਨੂੰ ਮਾਨਯੋਗ ਅਦਾਲਤ ਵੱਲੋਂ ਤਾਂਤਰਿਕ ਸਮੇਤ ਇਨ੍ਹਾਂ ਸੱਤੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ।

ਇਸੇ ਤਰ੍ਹਾਂ ਕੁੱਝ ਸਾਲ ਪਹਿਲਾਂ ਮੋਗਾ ਸ਼ਹਿਰ ਨੇੜਲੇ ਇਕ ਪਿੰਡ ਦਾ ਅਖੌਤੀ ਮੋਹਤਬਰ ਜੋ ਕਿ ਕਿਸੇ ਵਿਸ਼ੇਸ ਦਿਨ ਤੇ ਚੌਂਕੀ ਲਗਾ ਕੇ ਪੁੱਛਾਂ ਦੇਣ ਦਾ ਗ਼ੈਰ ਕਾਨੂੰਨੀ ਧੰਦਾ ਵੀ ਕਰਦਾ ਸੀ, ਵੱਲੋਂ ਆਪਣੀ ਹੀ ਇਕ ਰਿਸ਼ਤੇਦਾਰ ਮਾਸੂਮ ਲੜਕੀ ਵਿੱਚੋਂ ਅਖੌਤੀ ਭੂਤ ਪ੍ਰੇਤ ਕੱਢਣ ਦੇ ਬਹਾਨੇ ਚਿਮਟਿਆਂ ਨਾਲ ਕੁੱਟ-ਕੁੱਟ ਕੇ ਉਸਦੀ ਹੱਤਿਆ ਕਰ ਦਿੱਤੀ ਗਈ ਸੀ। ਇਹ ਮਹਿਜ ਕੋਈ ਸਾਧਾਰਨ ਕਤਲ ਨਹੀਂ ਹਨ ਬਲਕਿ ਇੱਕ ਖ਼ਤਰਨਾਕ ਅੰਧ ਵਿਸ਼ਵਾਸੀ ਮਾਨਸਿਕਤਾ ਤਹਿਤ ਮਾਸੂਮ ਬੱਚਿਆਂ ਨੂੰ ਫੁਸਲਾ ਕੇ ਇਕ ਯੋਜਨਾਬੱਧ ਸਾਜ਼ਿਸ਼ ਹੇਠ ਬੇਰਹਿਮੀ ਨਾਲ ਕੀਤੀਆਂ ਗਈਆਂ ਹੱਤਿਆਵਾਂ ਹਨ। ਬੇਹੱਦ ਅਫ਼ਸੋਸ ਹੈ ਕਿ ਕਿਸੇ ਵੀ ਸਿਆਸੀ ਪਾਰਟੀ ਜਾਂ ਉਸਦੀ ਸਰਕਾਰ ਨੇ ਅਜਿਹੀਆਂ ਵਹਿਸ਼ੀ ਹੱਤਿਆਵਾਂ ਨੂੰ ਬੰਦ ਕਰਵਾਉਣ ਲਈ ਸੰਵਿਧਾਨ ਦੀ ਧਾਰਾ 51ਏ (ਐੱਚ) ਅਨੁਸਾਰ ਆਮ ਲੋਕਾਂ, ਵਿਦਿਆਰਥੀਆਂ, ਅਧਿਆਪਕਾਂ ਨੂੰ ਸਿੱਖਿਅਤ ਕਰਨ ਲਈ ਕੋਈ ਵਿਗਿਆਨਕ ਚੇਤਨਾ ਪ੍ਰੋਗਰਾਮ ਅਮਲ ਵਿੱਚ ਲਿਆਉਣ ਅਤੇ ਠੋਸ ਅੰਧ ਵਿਸ਼ਵਾਸ ਰੋਕੂ ਕਾਨੂੰਨ ਬਣਾ ਕੇ ਲਾਗੂ ਕਰਨ ਦੀ ਅੱਜ ਤੱਕ ਸੰਵਿਧਾਨਕ ਜ਼ਿੰਮੇਵਾਰੀ ਨਹੀਂ ਨਿਭਾਈ।

ਦਰਅਸਲ ਲੋਕਾਂ ਵਿਚ ਅੰਧਵਿਸ਼ਵਾਸ, ਵਹਿਮ ਭਰਮ ਫੈਲਣ, ਆਪਣੀਆਂ ਸਮੱਸਿਆਵਾਂ, ਬਿਮਾਰੀਆਂ ਦੇ ਖਾਤਮੇ ਲਈ ਕਿਸੇ ਅਖੌਤੀ ਦੈਵੀ ਸ਼ਕਤੀ, ਚਮਤਕਾਰ ਤੇ ਪਾਠ-ਪੂਜਾ ਉੱਤੇ ਟੇਕ ਰੱਖਣ ਅਤੇ ਉਨ੍ਹਾਂ ਦੇ ਪਾਖੰਡੀ ਬਾਬਿਆਂ, ਤਾਂਤਰਿਕਾਂ, ਜੋਤਸ਼ੀਆਂ ਅਤੇ ਡੇਰਿਆਂ ਦੇ ਝਾਂਸੇ ਵਿਚ ਫਸਣ ਪਿੱਛੇ ਕਈ ਤਰ੍ਹਾਂ ਦੇ ਆਰਥਿਕ, ਸਮਾਜਿਕ ਅਤੇ ਮਨੋਵਿਗਿਆਨਕ ਕਾਰਨ ਜ਼ਿੰਮੇਵਾਰ ਹਨ ਪਰ ਹਕੂਮਤਾਂ ਦੀਆਂ ਕਾਰਪੋਰਟ ਪੱਖੀ ਨੀਤੀਆਂ, ਮਿਆਰੀ ਸਿੱਖਿਆ ਤੇ ਸਿਹਤ ਸਹੂਲਤਾਂ ਦੀ ਅਣਹੋਂਦ, ਗੈਰ ਵਿਗਿਆਨਕ ਅਤੇ ਲੋਕ ਵਿਰੋਧੀ ਸਿਆਸੀ ਰਾਜ ਪ੍ਰਬੰਧ ਉਸ ਤੋਂ ਵੀ ਵੱਧ ਜ਼ਿੰਮੇਵਾਰ ਹੈ ਜੋ ਅਜਿਹੇ ਡੇਰਿਆਂ, ਪਾਖੰਡੀਆਂ ਅਤੇ ਫਿਰਕੂ ਸੰਗਠਨਾਂ ਵੱਲੋਂ ਕੀਤੇ ਜਾਂਦੇ ਘਿਨਾਉਣੇ ਅਪਰਾਧਾਂ, ਅੰਧ ਵਿਸ਼ਵਾਸਾਂ ਅਤੇ ਨੰਗੀ ਚਿੱਟੀ ਲੁੱਟ ਪ੍ਰਤੀ ਅਵੇਸਲਾ ਹੈ।

ਤਰਕਸ਼ੀਲ ਆਗੂ ਮਾਸਟਰ ਪਰਮਵੇਦ ਨੇ ਲੋਕਾਂ ਨੂੰ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ ਤੇ ਰੂੜ੍ਹੀਵਾਦੀ ਵਿਚਾਰਾਂ ਦੇ ਹਨੇਰੇ ਵਿੱਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੇ ਉਜਾਲੇ ਵਿੱਚ ਆਉਣ ਦਾ ਭਾਵਪੂਰਤ ਸੁਨੇਹਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਗੱਲ ਮੰਨਣ ਤੋਂ ਪਹਿਲਾਂ ਉਸਦੀ ਪਰਖ਼ ਕਰਨੀ ਜ਼ਰੂਰੀ ਹੈ।ਸੁਣੀ ਸੁਣਾਈ ਗੱਲ ਤੇ ਵਿਸ਼ਵਾਸ ਕਰਨਾ ਲਾਈਲੱਗਤਾ ਹੈ ਜਿਸਤੋਂ ਬਚਣਾ ਚਾਹੀਦਾ ਹੈ



**ਮਾਸਟਰ ਪਰਮਵੇਦ**
**ਜੋਨ ਜਥੇਬੰਦਕ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**
**ਅਫ਼ਸਰ ਕਲੋਨੀ ਸੰਗਰੂਰ**
**9417422349**

# (ਖ਼ਤਰਨਾਕ ਕੁੱਤਿਆਂ ਨੂੰ ਜ਼ਹਿਰ ਦਾ ਟੀਕਾ ਲਾਓ)



ਕੁੱਤੇ ਵੀ ਹਲਕ ਰਹੇ, ਬੰਦੇ ਵੀ ਹਲਕ
ਰਹੇ, ਕੈਸਾ ਆਇਆ ਜਮਾਨਾ।
ਖਤਰਨਾਕ ਕੁੱਤਿਆਂ ਨੂੰ ਲਾਓ ਜ਼ਹਿਰ ਦਾ
ਟੀਕਾ, ਕੋਰਟ ਦਾ ਹੋਇਆ ਫੁਰਮਾਨਾ।
ਅਵਾਰਾ ਕੁੱਤਿਆਂ ਤੋਂ, ਬੰਦਿਆਂ ਨੂੰ
ਬਚਾਣਾ ਬਹੁਤ ਜਰੂਰੀ,,ਪਾਲਤੂ ਕੁੱਤੇ ਵੀ
ਜੇ, ਨੁਕਸਾਨ ਨੇ ਕਰਦੇ, ਉਨ੍ਹਾਂ ਤੇ ਵੀ
ਪਊਗਾ ਭਾਰੀ ਜੁਰਮਾਨਾ। ਕੁੱਤੇ
ਬਿੱਲੀਆਂ ਪਾਲਣੇ ਬੜੇ ਔਖੇ,ਜ਼ਿੰਦਗੀ
ਜਿਉਣ ਦੇ ਢੰਗ ਬਦਲ ਦਿੰਦੇ। ਅਪਣੇ
ਬੱਚੇ ਚੰਗੀ ਤਰ੍ਹਾਂ ਪਾਲੇ ਨਹੀਂ ਜਾਂਦੇ, ਸ਼ੌਕ
ਅਵੱਲੇ ਪਾਲਣ ਦੇ, ਪਾਗ਼ਲ ਕਰ ਦਿੰਦੇ।
ਬੇਰਹਿਮੀ ਕਰਨਾ ਜਾਨਵਰਾਂ ਉੱਤੇ ਹੁੰਦਾ
ਅਣਮਨੁੱਖੀ ਕਾਰਾ, ਤੜਫਦਿਆਂ ਨੂੰ ਨਾ
ਛੱਡੋ ਬੇਸਹਾਰਾ। ਪਾਲਣ ਦੇ ਨਾਮ
ਉੱਤੇ ਸੰਗਲੀਆਂ ਨਾਲ ਬੰਨ੍ਹ ਕੇ,
ਉਨ੍ਹਾਂ ਨੂੰ ਗੁਲਾਮ  ਬਣਾਓ ਨਾ।
ਗਰਮੀ-ਸਰਦੀ ਤੋਂ ਹਿਫ਼ਾਜ਼ਤ ਨਹੀਂ
ਕਰਦੇ, ਐਵੇਂ ਉਨ੍ਹਾਂ ਨੂੰ ਤੜਫਾਓ ਨਾ।
ਭੌਂਕ ਭੌਂਕ ਕੇ ਸ਼ੋਰ ਪ੍ਰਦੂਸ਼ਣ ਫੈਲਾਉਂਣ,
ਦੂਸਰਿਆਂ ਦੇ ਮਨ ਦੀ ਸ਼ਾਂਤੀ ਭੰਗ
ਕਰੇਦੇ। ਬੰਦੇ ਵੀ ਵਕਤ ਨਾਲ ਹੋ ਗਏ
ਨਾਜ਼ੁਕ, ਭੋਰਾ ਵੀ ਖੜ੍ਕਾ ਨਾ ਜਰਦੇ।
ਸਮਝਣ ਸਮਝਾਉਣ ਵਾਲੀਆਂ ਗੱਲਾਂ ਨਾ
ਰਹੀਆਂ, ਹਰ ਕੋਈ ਰਹੇ ਵਿੱਚ
ਆਜ਼ਾਦੀ। ਨਾ ਕੋਰਟ ਕਚਹਿਰੀਆਂ ਦੀ
ਗੱਲ ਮੰਨਣ, ਭਾਵੇਂ ਹੋ ਜਾਵੇ ਬਰਬਾਦੀ।



**ਅਮਰਜੀਤ ਸਿੰਘ ਤੂਰ ਪਿੰਡ**
**ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-**
**ਆਬਾਦ #639/40ਏ, ਚੰਡੀਗੜ੍ਹ**
**ਫੋਨ ਨੰਬਰ : 9878469639**



# ਵਿਆਹ ਤੋਂ ਬਾਹਰਲੇ ਸੰਬੰਧ: ਆਧੁਨਿਕ ਮਨੁੱਖ ਦੀ ਤਲਾਸ਼ ਜਾਂ ਰਿਸ਼ਤਿਆਂ ਦੀ ਭਟਕਣ

ਇੱਕ ਸਮਾਂ ਸੀ ਜਦੋਂ ਵਿਆਹ ਨੂੰ ਸਿਰਫ਼ ਦੋ ਵਿਅਕਤੀਆਂ ਦਾ ਨਹੀਂ, ਸਗੋਂ ਦੋ ਪਰਿਵਾਰਾਂ ਅਤੇ ਦੋ ਜੀਵਨ-ਦਰਸ਼ਨਾਂ ਦਾ ਮਿਲਾਪ ਮੰਨਿਆ ਜਾਂਦਾ ਸੀ। "ਸੱਤ ਜਨਮਾਂ ਦਾ ਰਿਸ਼ਤਾ" ਵਾਲੀ ਧਾਰਣਾ ਭਾਰਤੀ ਸਮਾਜ ਦੇ ਮਨ ਵਿੱਚ ਡੂੰਘੀ ਵੱਸਦੀ ਸੀ। ਪਰ ਆਧੁਨਿਕ ਯੁੱਗ ਵਿੱਚ ਰਿਸ਼ਤਿਆਂ ਦੀ ਪਰਿਭਾਸ਼ਾ ਤੇਜ਼ੀ ਨਾਲ ਬਦਲ ਰਹੀ ਹੈ। ਅੱਜ ਵਿਆਹ ਤੋਂ ਬਾਹਰਲੇ ਸੰਬੰਧ — ਜਿਨ੍ਹਾਂ ਨੂੰ ਸਮਾਜ ਅਕਸਰ "ਐਕਸਟਰਾ ਮੈਰਿਟਲ ਅਫੇਅਰ" ਕਹਿੰਦਾ ਹੈ—ਕੇਵਲ ਫਿਲਮਾਂ ਜਾਂ ਨਾਵਲਾਂ ਦੀ ਕਹਾਣੀ ਨਹੀਂ ਰਹੇ, ਸਗੋਂ ਸਾਡੇ ਸਮਾਜ ਦੀ ਇੱਕ ਹਕੀਕਤ ਬਣਦੇ ਜਾ ਰਹੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਰੁਝਾਨ ਕੇਵਲ ਮਰਦਾਂ ਤੱਕ ਸੀਮਿਤ ਨਹੀਂ, ਔਰਤਾਂ ਵਿੱਚ ਵੀ ਤੇਜ਼ੀ ਨਾਲ ਵਧ ਰਿਹਾ ਹੈ। ਸਵਾਲ ਇਹ ਨਹੀਂ ਕਿ ਅਜਿਹੇ ਸੰਬੰਧ ਬਣ ਰਹੇ ਹਨ, ਅਸਲ ਸਵਾਲ ਇਹ ਹੈ ਕਿ ਆਖਿਰ ਮਨੁੱਖ ਆਪਣੇ ਵਿਆਹਿਕ ਰਿਸ਼ਤੇ ਤੋਂ ਬਾਹਰ ਸੁਖ, ਪਿਆਰ ਜਾਂ ਸਕੂਨ ਕਿਉਂ ਲੱਭਣ ਲੱਗ ਪਿਆ ਹੈ? ਮਨੋਵਿਗਿਆਨੀ ਕਹਿੰਦੇ ਹਨ ਕਿ ਮਨੁੱਖ ਦੀ ਸਭ ਤੋਂ ਵੱਡੀ ਭੁੱਖ ਕੇਵਲ ਸਰੀਰਕ ਨਹੀਂ, ਭਾਵਨਾਤਮਕ ਹੁੰਦੀ ਹੈ। ਹਰ ਮਨੁੱਖ ਚਾਹੁੰਦਾ ਹੈ ਕਿ ਕੋਈ ਉਸ ਨੂੰ ਸਮਝੇ, ਉਸ ਦੀ ਪ੍ਰਸ਼ੰਸਾ ਕਰੇ, ਉਸ ਦੀਆਂ ਗੱਲਾਂ ਧਿਆਨ ਨਾਲ ਸੁਣੇ। ਜਦੋਂ ਵਿਆਹਿਕ ਜੀਵਨ ਰੋਜ਼ਮਰਾ ਦੀਆਂ ਜ਼ਿੰਮੇਵਾਰੀਆਂ, ਆਰਥਿਕ ਦਬਾਅ, ਬੱਚਿਆਂ ਦੀ ਪਰਵਰਿਸ਼ ਅਤੇ ਤਣਾਅ ਵਿਚ ਫਸ ਜਾਂਦਾ ਹੈ, ਤਾਂ ਕਈ ਵਾਰ ਪਤੀ-ਪਤਨੀ ਦੇ ਰਿਸ਼ਤੇ ਵਿੱਚੋਂ ਰੋਮਾਂਚ, ਤਾਜਗੀ ਅਤੇ ਸੰਵਾਦ ਗਾਇਬ ਹੋਣ ਲੱਗਦੇ ਹਨ। ਅਜਿਹੇ ਸਮੇਂ ਵਿੱਚ ਜੇ ਕਿਸੇ ਦਫ਼ਤਰ, ਸੋਸ਼ਲ ਮੀਡੀਆ ਜਾਂ ਦੋਸਤੀ ਦੇ ਘੇਰੇ ਵਿੱਚ ਕੋਈ ਵਿਅਕਤੀ ਸਾਨੂੰ "ਖਾਸ" ਮਹਿਸੂਸ ਕਰਵਾ ਦੇਵੇ, ਤਾਂ ਮਨ ਹੌਲੀ-ਹੌਲੀ ਉਸ ਵੱਲ ਖਿੱਚਿਆ ਜਾਣ ਲੱਗਦਾ ਹੈ।

ਅਮਰੀਕੀ ਮਨੋਵਿਗਿਆਨੀ ਅਤੇ ਰਿਸ਼ਤਾ-ਮਾਹਿਰ ਓਸਟਹਏਰ ਫਏਰਏਲ ਆਪਣੇ ਲੈਕਚਰਾਂ ਵਿੱਚ ਕਹਿੰਦੀ ਹੈ ਕਿ "ਲੋਕ ਹਮੇਸ਼ਾਂ ਆਪਣੇ ਜੀਵਨ ਸਾਥੀ ਨੂੰ ਛੱਡਣ ਲਈ ਧੋਖਾ ਨਹੀਂ ਕਰਦੇ, ਕਈ ਵਾਰ ਉਹ ਆਪਣੇ ਅੰਦਰ ਮਰ ਚੁੱਕੇ ਹਿੱਸੇ ਨੂੰ ਜਗਾਉਣ ਲਈ ਅਜਿਹਾ ਕਰਦੇ ਹਨ।" ਇਹ ਗੱਲ ਆਧੁਨਿਕ ਰਿਸ਼ਤਿਆਂ ਦੀ ਜਟਿਲਤਾ ਨੂੰ ਬੜੀ ਸਪਸ਼ਟਤਾ ਨਾਲ ਸਮਝਾਉਂਦੀ ਹੈ।

ਸਮਾਜਿਕ ਤਬਦੀਲੀਆਂ ਨੇ ਵੀ ਇਸ ਰੁਝਾਨ ਨੂੰ ਵਧਾਇਆ ਹੈ। ਪਹਿਲਾਂ ਮਨੁੱਖ ਦੀ ਜ਼ਿੰਦਗੀ ਪਰਿਵਾਰ ਅਤੇ ਸਮਾਜਿਕ ਨਿਗਰਾਨੀ ਦੇ ਘੇਰੇ ਵਿੱਚ ਰਹਿੰਦੀ ਸੀ। ਹੁਣ ਡਿਜ਼ੀਟਲ ਯੁੱਗ ਨੇ ਗੁਪਤ ਸੰਪਰਕ ਬਹੁਤ ਆਸਾਨ ਕਰ ਦਿੱਤੇ ਹਨ। ਮੋਬਾਈਲ ਫੋਨ, ਇੰਸਟਾਗ੍ਰਾਮ, ਫੇਸਬੁੱਕ ਅਤੇ ਵਟਸਐਪ ਵਰਗੇ ਮਾਧਿਅਮਾਂ ਨੇ ਲੋਕਾਂ ਨੂੰ ਇਕ ਦੂਜੇ ਨਾਲ ਭਾਵਨਾਤਮਕ ਤੌਰ 'ਤੇ ਜੋੜਨਾ ਬਹੁਤ ਆਸਾਨ ਬਣਾ ਦਿੱਤਾ ਹੈ। ਕਈ ਵਾਰ ਇੱਕ ਸਧਾਰਣ "ਹੈਲੋ" ਨਾਲ ਸ਼ੁਰੂ ਹੋਈ ਗੱਲਬਾਤ ਮਨੁੱਖ ਨੂੰ ਉਸ ਮੋੜ 'ਤੇ ਲੈ ਜਾਂਦੀ ਹੈ ਜਿੱਥੇ ਉਹ ਆਪਣੇ ਹੀ ਰਿਸ਼ਤੇ ਤੋਂ ਦੂਰ ਹੋਣ ਲੱਗਦਾ ਹੈ।

ਭਾਰਤ ਵਿੱਚ ਪਰਿਵਾਰ ਅਦਾਲਤਾਂ ਨਾਲ ਜੁੜੇ ਕਈ ਵਕੀਲਾਂ ਅਤੇ ਕੌਂਸਲਰਾਂ ਦਾ ਕਹਿਣਾ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਤਲਾਕ ਦੇ ਮਾਮਲਿਆਂ ਵਿੱਚ 'ਭਾਵਨਾਤਮਕ ਦੂਰੀ' ਅਤੇ 'ਵਿਆਹ ਤੋਂ ਬਾਹਰਲੇ ਸੰਬੰਧ' ਮੁੱਖ ਕਾਰਨਾਂ ਵਜੋਂ ਉਭਰੇ ਹਨ। ਮਹਾਨਗਰਾਂ ਵਿੱਚ ਤਾਂ ਇਹ ਰੁਝਾਨ ਹੋਰ ਵੀ ਜ਼ਿਆਦਾ ਵੇਖਣ ਨੂੰ ਮਿਲਦਾ ਹੈ, ਜਿੱਥੇ ਤੇਜ਼ ਰਫ਼ਤਾਰ ਜ਼ਿੰਦਗੀ ਅਤੇ ਨਿੱਜੀ ਆਜ਼ਾਦੀ ਦੀ ਧਾਰਣਾ ਰਿਸ਼ਤਿਆਂ ਨੂੰ ਨਵੀਂ ਦਿਸ਼ਾ ਦੇ ਰਹੀ ਹੈ।

ਪਰ ਇਸ ਹਕੀਕਤ ਦਾ ਇੱਕ ਹੋਰ ਪਾਸਾ ਵੀ ਹੈ। ਵਿਆਹ ਤੋਂ ਬਾਹਰਲੇ ਸੰਬੰਧ ਕੁਝ ਸਮੇਂ ਲਈ ਰੋਮਾਂਚ ਅਤੇ ਸਕੂਨ ਦੇ ਸਕਦੇ ਹਨ, ਪਰ ਲੰਬੇ ਸਮੇਂ ਵਿੱਚ ਇਹ ਵਿਸ਼ਵਾਸ ਦੀ ਨੀਂਹ ਹਿਲਾ ਦਿੰਦੇ ਹਨ। ਇੱਕ ਵਾਰ ਜਦੋਂ ਭਰੋਸਾ ਟੁੱਟ ਜਾਂਦਾ ਹੈ, ਤਾਂ ਰਿਸ਼ਤਾ ਕੇਵਲ ਇਕੱਠੇ ਰਹਿਣ ਦੀ ਮਜਬੂਰੀ ਬਣ ਕੇ ਰਹਿ ਜਾਂਦਾ ਹੈ। ਸਭ ਤੋਂ ਵੱਡਾ ਪ੍ਰਭਾਵ ਬੱਚਿਆਂ 'ਤੇ ਪੈਂਦਾ ਹੈ। ਮਨੋਵਿਗਿਆਨਕ ਅਧਿਐਨ ਦੱਸਦੇ ਹਨ ਕਿ ਟੁੱਟਦੇ ਪਰਿਵਾਰਾਂ ਦੇ ਬੱਚਿਆਂ ਵਿੱਚ ਅਸੁਰੱਖਿਆ, ਡਿਪ੍ਰੈਸ਼ਨ ਅਤੇ ਰਿਸ਼ਤਿਆਂ ਪ੍ਰਤੀ ਅਵਿਸ਼ਵਾਸ ਵਧ ਜਾਂਦਾ ਹੈ।

ਪੰਜਾਬੀ ਸਾਹਿਤ ਅਤੇ ਲੋਕਧਾਰਾ ਵੀ ਇਸ ਵਿਸ਼ੇ ਨੂੰ ਬਹੁਤ ਡੂੰਘਾਈ ਨਾਲ ਛੂਹਦੀ ਹੈ। ਹੀਰ-ਰਾਂਝਾ ਤੋਂ ਲੈ ਕੇ ਸਾਹਿਤਕਾਰਾਂ ਦੇ ਆਧੁਨਿਕ ਨਾਵਲਾਂ ਤੱਕ ਮਨੁੱਖ ਦੀ ਭਾਵਨਾਤਮਕ ਭੁੱਖ ਅਤੇ ਸਮਾਜਕ ਬੰਧਨਾਂ ਵਿਚਕਾਰ ਟਕਰਾਅ ਸਦਾ ਹੀ ਦਿਖਾਈ ਦਿੰਦਾ ਹੈ। ਮਨੁੱਖ ਦੇ ਅੰਦਰ ਪਿਆਰ ਦੀ ਲੋੜ ਸਦੀਵੀ ਹੈ, ਪਰ ਉਸ ਪਿਆਰ ਦੀ ਦਿਸ਼ਾ ਅਤੇ ਜ਼ਿੰਮੇਵਾਰੀ ਹੀ ਸਮਾਜ ਨੂੰ ਸਥਿਰ ਰੱਖਦੀ ਹੈ।

ਇਹ ਵੀ ਸੱਚ ਹੈ ਕਿ ਹਰ ਵਿਆਹ ਸਫਲ ਨਹੀਂ ਹੁੰਦਾ। ਕਈ ਰਿਸ਼ਤੇ ਕੇਵਲ ਸਮਾਜਿਕ ਦਬਾਅ ਕਾਰਨ ਚੱਲ ਰਹੇ ਹੁੰਦੇ ਹਨ। ਜਿੱਥੇ ਪਿਆਰ, ਸਤਿਕਾਰ ਅਤੇ ਸੰਵਾਦ ਖਤਮ ਹੋ ਜਾਵੇ, ਉੱਥੇ ਮਨੁੱਖ ਅੰਦਰੋਂ ਇਕੱਲਾ ਹੋ ਜਾਂਦਾ ਹੈ। ਪਰ ਇਸ ਇਕੱਲੇਪਨ ਦਾ ਹੱਲ ਧੋਖਾ ਨਹੀਂ ਹੋ ਸਕਦਾ। ਜੇ ਰਿਸ਼ਤਾ ਟੁੱਟ ਰਿਹਾ ਹੈ, ਤਾਂ ਉਸ ਬਾਰੇ ਖੁੱਲ੍ਹ ਕੇ ਗੱਲਬਾਤ ਹੋਣੀ ਚਾਹੀਦੀ ਹੈ। ਕੌਂਸਲਿੰਗ, ਆਪਸੀ ਸਮਝ ਅਤੇ ਸੱਚਾਈ ਹੀ ਰਿਸ਼ਤਿਆਂ ਨੂੰ ਬਚਾ ਸਕਦੇ ਹਨ। ਅੱਜ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਲੋਕ ਇੱਕ-ਦੂਜੇ ਨਾਲ ਰਹਿ ਤਾਂ ਰਹੇ ਹਨ, ਪਰ ਇੱਕ-ਦੂਜੇ ਨਾਲ ਗੱਲ ਨਹੀਂ ਕਰ ਰਹੇ। ਘਰਾਂ ਵਿੱਚ ਇਕੱਠੇ ਬੈਠੇ ਲੋਕਾਂ ਦੀਆਂ ਉਂਗਲਾਂ ਮੋਬਾਈਲ 'ਤੇ ਚੱਲਦੀਆਂ ਹਨ, ਪਰ ਦਿਲਾਂ ਦੇ ਦਰਵਾਜ਼ੇ ਬੰਦ ਹੋ ਰਹੇ ਹਨ। ਜਿੱਥੇ ਸੰਵਾਦ ਮਰ ਜਾਂਦਾ ਹੈ, ਉੱਥੇ ਰਿਸ਼ਤੇ ਵੀ ਹੌਲੀ-ਹੌਲੀ ਸਾਹ ਤੋੜਣ ਲੱਗਦੇ ਹਨ।

ਵਿਆਹ ਤੋਂ ਬਾਹਰਲੇ ਸੰਬੰਧਾਂ ਨੂੰ ਸਿਰਫ਼ ਚਰਿੱਤਰਹੀਣਤਾ ਕਹਿ ਦੇਣਾ ਸਮੱਸਿਆ ਦਾ ਹੱਲ ਨਹੀਂ। ਇਹ ਇੱਕ ਸਮਾਜਕ ਅਤੇ ਮਨੋਵਿਗਿਆਨਿਕ ਸੰਕੇਤ ਹੈ ਕਿ ਆਧੁਨਿਕ ਮਨੁੱਖ ਅੰਦਰੋਂ ਕਿਤੇ ਨਾ ਕਿਤੇ ਭਾਵਨਾਤਮਕ ਤੌਰ 'ਤੇ ਖਾਲੀ ਹੋ ਰਿਹਾ ਹੈ। ਪਰ ਇਸ ਖਾਲੀਪਨ ਨੂੰ ਭਰਨ ਲਈ ਅਜਿਹੇ ਰਿਸ਼ਤੇ ਅਕਸਰ ਹੋਰ ਵੱਡੀ ਟੁੱਟਫੁੱਟ ਨੂੰ ਜਨਮ ਦੇ ਦਿੰਦੇ ਹਨ।

ਅਖੀਰ ਵਿੱਚ, ਰਿਸ਼ਤੇ ਪਿਆਰ ਨਾਲ ਬਣਦੇ ਹਨ, ਪਰ ਭਰੋਸੇ ਨਾਲ ਟਿਕਦੇ ਹਨ। ਵਿਆਹ ਸਿਰਫ਼ ਕਾਨੂੰਨੀ ਜਾਂ ਸਮਾਜਕ ਕਰਾਰ ਨਹੀਂ, ਸਗੋਂ ਦੋ ਮਨਾਂ ਦੀ ਸਾਂਝ ਹੈ। ਜੇ ਇਸ ਸਾਂਝ ਵਿੱਚ ਸੱਚਾਈ, ਸੰਵਾਦ ਅਤੇ ਸਤਿਕਾਰ ਬਚੇ ਰਹਿਣ, ਤਾਂ ਬਾਹਰਲੇ ਸੰਬੰਧਾਂ ਦੀ ਲੋੜ ਆਪਣੇ ਆਪ ਘੱਟ ਹੋ ਸਕਦੀ ਹੈ। ਕਿਉਂਕਿ ਮਨੁੱਖ ਨੂੰ ਸਭ ਤੋਂ ਵੱਡਾ ਸਕੂਨ ਕਿਸੇ ਨਵੇਂ ਰਿਸ਼ਤੇ ਵਿੱਚ ਨਹੀਂ, ਸਗੋਂ ਉਸ ਰਿਸ਼ਤੇ ਵਿੱਚ ਮਿਲਦਾ ਹੈ ਜਿੱਥੇ ਉਹ ਬਿਨਾਂ ਡਰ ਅਤੇ ਬਿਨਾਂ ਦਿਖਾਵੇ ਦੇ ਆਪਣੇ ਆਪ ਵਾਂਗ ਜੀ ਸਕੇ।



**ਮਾਸਟਰ ਬਲਕਰਨ ਸਿੰਘ**
**ਸ. ਮਿ.ਸ. ਰਣਜੀਤਗੜ੍ਹ ਬਾਂਦਰਾਂ (ਮਾਨਸਾ)**
**balkarn.isdhu4@gmial.com**







Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

email:-Samajweekly@gmail.com